


ਸੱਚੀ ਅਤੇ ਨਿਰਪੱਖ ਵਿਚਾਰਧਾਰਾ

# CEE7NEWS

Daily Digital Edition




Reg No: AAG1353 | Ludhiana, Tuesday 28 April, 2026 | website: www.cee7news.com

## ਪੰਜਾਬ ਦੀ ਰਾਜਨੀਤੀ ਵਿੱਚ ਇਸ ਵੇਲੇ ਇੱਕ ਵੱਡਾ ਭੂਚਾਲ ਆਇਆ ਹੋਇਆ ਹੈ



ਪੰਜਾਬ ਦੀ ਰਾਜਨੀਤੀ ਵਿੱਚ ਇਸ ਵੇਲੇ ਇੱਕ ਵੱਡਾ ਭੂਚਾਲ ਆਇਆ ਹੋਇਆ ਹੈ। ਆਮ ਆਦਮੀ ਪਾਰਟੀ (ਆਪ) ਦੇ ਸੱਤ ਰਾਜ ਸਭਾ ਮੈਂਬਰਾਂ, ਜਿਨ੍ਹਾਂ ਵਿੱਚ ਰਾਘਵ ਚੱਢਾ ਅਤੇ ਸੰਦੀਪ ਪਾਠਕ ਵਰਗੇ ਦਿੱਗਜ ਆਗੂ ਸ਼ਾਮਲ ਹਨ, ਦੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿੱਚ ਸ਼ਾਮਲ ਹੋਣ ਤੋਂ ਬਾਅਦ ਪੰਜਾਬ ਇਕਾਈ ਵਿੱਚ ਭਾਰੀ ਹਲਚਲ ਮਚ ਗਈ ਹੈ। ਇਸ ਘਟਨਾਕ੍ਰਮ ਨੇ ਪਾਰਟੀ ਦੇ 94 ਵਿਧਾਇਕਾਂ ਦੇ ਵੱਡੇ ਕਾਫ਼ਲੇ ਦੀ ਇਕਜੁੱਟਤਾ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰ ਦਿੱਤੇ ਹਨ।ਪਾਰਟੀ ਅੰਦਰਲਾ ਡਰ ਅਤੇ ਚਿੰਤਾ ਸੂਤਰਾਂ ਅਨੁਸਾਰ, ਰਾਜ ਸਭਾ ਮੈਂਬਰਾਂ ਦੇ ਇਸ ਕਦਮ ਤੋਂ ਬਾਅਦ ਪਾਰਟੀ ਹਾਈਕਮਾਂਡ ਨੂੰ ਹੁਣ ਇਹ ਡਰ ਸਤਾ ਰਿਹਾ ਹੈ ਕਿ ਕਿਤੇ ਪੰਜਾਬ ਦੇ ਵਿਧਾਇਕਾਂ ਵਿੱਚ ਵੀ ਬਗਾਵਤ ਨਾ ਹੋ ਜਾਵੇ। ਖਾਸ ਤੌਰ 'ਤੇ ਉਹ ਵਿਧਾਇਕ ਜਿਨ੍ਹਾਂ ਨੂੰ 2022 ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਰਾਘਵ ਚੱਢਾ ਜਾਂ ਸੰਦੀਪ ਪਾਠਕ ਦੀ ਸਿਫ਼ਾਰਸ਼ 'ਤੇ ਟਿਕਟਾਂ ਮਿਲੀਆਂ ਸਨ, ਉਹ ਪਾਰਟੀ ਦੀ ਨਿਗਰਾਨੀ ਹੇਠ ਹਨ। ਫਿਰੋਜ਼ਪੁਰ, ਪਟਿਆਲਾ ਅਤੇ ਰੋਪੜ ਖੇਤਰਾਂ ਦੇ ਕੁਝ ਵਿਧਾਇਕਾਂ 'ਤੇ ਤਿੱਖੀ ਨਜ਼ਰ ਰੱਖੀ ਜਾ ਰਹੀ ਹੈ।ਹੰਗਾਮੀ ਮੀਟਿੰਗ ਅਤੇ ਰਣਨੀਤੀ ਸਥਿਤੀ ਨੂੰ ਸੰਭਾਲਣ ਲਈ ਪਾਰਟੀ ਨੇ ਬੁੱਧਵਾਰ ਨੂੰ ਜਲੰਧਰ ਵਿਖੇ ਵਿਧਾਇਕਾਂ ਦੀ ਇੱਕ ਹੰਗਾਮੀ ਮੀਟਿੰਗ ਸੱਦੀ ਹੈ। ਇਸ ਮੀਟਿੰਗ ਦੀ ਅਗਵਾਈ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ ਕਰਨਗੇ। ਮੀਟਿੰਗ ਦਾ ਮੁੱਖ ਉਦੇਸ਼ ਵਿਧਾਇਕਾਂ ਨੂੰ ਇਕਜੁੱਟ ਰੱਖਣਾ ਅਤੇ ਉਨ੍ਹਾਂ ਨੂੰ ਅਜਿਹੀ ਕਿਸੇ ਵੀ 'ਦਲ-ਬਦਲੀ' ਤੋਂ ਰੋਕਣਾ ਹੈ। ਪਾਰਟੀ ਲਈ ਚਿੰਤਾ ਦੀ ਗੱਲ ਇਹ ਵੀ ਹੈ ਕਿ ਸੰਦੀਪ ਪਾਠਕ ਨੇ ਸੰਗਠਨਾਤਮਕ ਢਾਂਚੇ ਨੂੰ ਹੇਠਲੇ ਪੱਧਰ ਤੋਂ ਤਿਆਰ ਕੀਤਾ ਸੀ, ਜਿਸ ਕਾਰਨ ਪਾਰਟੀ ਕੇਡਰ ਵਿੱਚ ਵੀ ਟੁੱਟ-ਭੱਜ ਦਾ ਖਤਰਾ ਬਣਿਆ ਹੋਇਆ ਹੈ।ਵਿਧਾਇਕਾਂ ਦੀ ਨਿਗਰਾਨੀ ਪਾਰਟੀ ਨੇ ਆਪਣੇ ਕੁਝ ਬਹੁਤ ਹੀ ਭਰੋਸੇਮੰਦ ਵਿਧਾਇਕਾਂ ਨੂੰ 'ਸ਼ੱਕੀ' ਸਾਥੀਆਂ ਦੀਆਂ ਗਤੀਵਿਧੀਆਂ 'ਤੇ ਨਜ਼ਰ ਰੱਖਣ ਦੀ ਜ਼ਿੰਮੇਵਾਰੀ ਸੌਂਪੀ ਹੈ। ਉਨ੍ਹਾਂ ਦੇ ਰੋਜ਼ਾਨਾ ਦੇ ਮਿਲਣ-ਜੁਲਣ ਅਤੇ ਰਾਜ ਤੋਂ ਬਾਹਰ ਜਾਣ ਦੀ ਹਰ ਹਰਕਤ ਨੂੰ ਨੋਟ ਕੀਤਾ ਜਾ ਰਿਹਾ ਹੈ। ਮਾਲਵਾ ਖੇਤਰ ਦੇ ਇੱਕ ਵਿਧਾਇਕ ਨੇ ਨਾਂ ਗੁਪਤ ਰੱਖਣ ਦੀ ਸ਼ਰਤ 'ਤੇ ਦੱਸਿਆ ਕਿ ਭਾਵੇਂ ਸਾਂਸਦਾਂ ਦੇ ਜਾਣ ਨਾਲ ਸਦਮਾ ਲੱਗਾ ਹੈ, ਪਰ ਹੁਣ ਸਾਰਾ ਜ਼ੋਰ ਸੰਗਠਨ ਨੂੰ ਬਚਾਉਣ 'ਤੇ ਲੱਗਿਆ ਹੋਇਆ ਹੈ।

## ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਇੱਕ ਉੱਚ-ਪੱਧਰੀ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ



ਰੱਖਿਆ ਮੰਤਰੀ ਰਾਜਨਾਥ ਸਿੰਘ 28 ਅਪ੍ਰੈਲ 2026 ਨੂੰ ਕਿਰਗਿਜ਼ਸਤਾਨ ਦੇ ਬਿਸ਼ਕੇਕ ਵਿੱਚ ਹੋਣ ਵਾਲੀ ਸ਼ੰਘਾਈ ਸਹਿਯੋਗ ਸੰਗਠਨ (SCO) ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਇੱਕ ਉੱਚ-ਪੱਧਰੀ ਭਾਰਤੀ ਵਫ਼ਦ ਦੀ ਅਗਵਾਈ ਕਰਨਗੇ । ਮੀਟਿੰਗ ਦੌਰਾਨ ਸੰਗਠਨ ਦੇ ਮੈਂਬਰ ਦੇਸ਼ਾਂ ਦੇ ਰੱਖਿਆ ਮੰਤਰੀ ਖੇਤਰੀ ਰੱਖਿਆ ਅਤੇ ਸੁਰੱਖਿਆ ਨਾਲ ਸਬੰਧਤ ਵੱਖ-ਵੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨਗੇ । ਅੰਤਰਰਾਸ਼ਟਰੀ ਸ਼ਾਂਤੀ, ਅੱਤਵਾਦ ਵਿਰੋਧੀ ਉਪਾਵਾਂ ਅਤੇ SCO ਮੈਂਬਰ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਨਾਲ ਸਬੰਧਤ ਮੁੱਦਿਆਂ 'ਤੇ ਵੀ ਚਰਚਾ ਕੀਤੀ ਜਾਵੇਗੀ।ਇਸ ਸਾਲ ਦੀ SCO ਮੀਟਿੰਗ ਪੱਛਮੀ ਏਸ਼ੀਆ ਵਿੱਚ ਮੌਜੂਦਾ ਸਥਿਤੀ ਤੋਂ ਪੈਦਾ ਹੋਈ ਭੂ-ਰਾਜਨੀਤਿਕ ਅਸ਼ਾਂਤੀ ਦੇ ਵਿਚਕਾਰ ਹੋ ਰਹੀ ਹੈ । ਸੰਗਠਨ - ਖੇਤਰ ਦੇ ਸਭ ਤੋਂ ਪ੍ਰਮੁੱਖ ਰਾਜਨੀਤਿਕ ਅਤੇ ਆਰਥਿਕ ਫੋਰਮਾਂ ਵਿੱਚੋਂ ਇੱਕ ਚੱਲ ਰਹੇ ਟਕਰਾਅ ਦੇ ਪ੍ਰਭਾਵ ਨੂੰ ਘਟਾਉਣ ਲਈ ਸੰਭਾਵੀ ਉਪਾਵਾਂ 'ਤੇ ਵਿਚਾਰ-ਵਟਾਂਦਰਾ ਕਰ ਸਕਦਾ ਹੈ।ਇਸ ਮੀਟਿੰਗ ਵਿੱਚ ਰੱਖਿਆ ਮੰਤਰੀ ਵਿਸ਼ਵ ਸੁਰੱਖਿਆ ਚੁਣੌਤੀਆਂ ਦੇ ਮੌਜੂਦਾ ਦ੍ਰਿਸ਼ ਦੇ ਅੰਦਰ ਵਿਸ਼ਵ ਸ਼ਾਂਤੀ ਪ੍ਰਤੀ ਭਾਰਤ ਦੀ ਵਚਨਬੱਧਤਾ 'ਤੇ ਚਰਚਾ ਕਰਨਗੇ । ਇਸ ਤੋਂ ਇਲਾਵਾ, ਉਹ ਅੱਤਵਾਦ ਅਤੇ ਕੱਟੜਤਾ ਪ੍ਰਤੀ ਭਾਰਤ ਦੇ ਦ੍ਰਿੜ ਰੁਖ਼ ਅਤੇ ਜ਼ੀਰੋ-ਟੌਲਰੈਂਸ ਪਹੁੰਚ ਨੂੰ ਉਜਾਗਰ ਕਰਨਗੇ। ਮੀਟਿੰਗ ਦੌਰਾਨ, ਰਾਜਨਾਥ ਸਿੰਘ ਚੋਣਵੇਂ ਭਾਗੀਦਾਰ ਦੇਸ਼ਾਂ ਦੇ ਆਪਣੇ ਹਮਰੁਤਬਾ ਨਾਲ ਦੁਵੱਲੀ ਗੱਲਬਾਤ ਵੀ ਕਰ ਸਕਦੇ ਹਨ।SCO ਇੱਕ ਅੰਤਰ-ਸਰਕਾਰੀ ਸੰਗਠਨ ਹੈ ਜੋ 15 ਜੂਨ, 2001 ਨੂੰ ਸ਼ੰਘਾਈ ਵਿੱਚ ਸਥਾਪਿਤ ਕੀਤਾ ਗਿਆ ਸੀ। ਇਸਦੇ ਮੈਂਬਰਾਂ ਵਿੱਚ ਭਾਰਤ, ਰੂਸ, ਚੀਨ, ਕਜ਼ਾਕਿਸਤਾਨ, ਕਿਰਗਿਸਤਾਨ, ਪਾਕਿਸਤਾਨ, ਤਜ਼ਾਕਿਸਤਾਨ, ਉਜ਼ਬੇਕਿਸਤਾਨ, ਈਰਾਨ ਅਤੇ ਬੇਲਾਰੂਸ ਸ਼ਾਮਲ ਹਨ । ਭਾਰਤ 2017 ਵਿੱਚ ਸੰਗਠਨ ਦਾ ਪੂਰਾ ਮੈਂਬਰ ਬਣਿਆ ਅਤੇ 2023 ਵਿੱਚ ਇਸਦੀ ਪ੍ਰਧਾਨਗੀ ਸੰਭਾਲੀ।

## Cee7News ਚੰਡੀਗੜ੍ਹ ਵਿੱਚ ਪੰਜਾਬ ਯੂਨੀਵਰਸਿਟੀ ਅਤੇ ਡੀਸੀ ਦਫ਼ਤਰ ਨੂੰ ਬੰਬ ਨਾਲ ਉਡਾਉਣ ਦੀ ਮਿਲੀ ਧਮਕੀ ਸਬੰਧੀ ਰਿਪੋਰਟ:

## ਪੰਜਾਬ ਯੂਨੀਵਰਸਿਟੀ ਅਤੇ ਡੀਸੀ ਦਫ਼ਤਰ ਵਿੱਚ ਦਹਿਸ਼ਤ ਦਾ ਮਾਹੌਲ

27 ਅਪ੍ਰੈਲ 2026 ਨੂੰ ਚੰਡੀਗੜ੍ਹ ਤੋਂ ਇੱਕ ਬਹੁਤ ਹੀ ਚਿੰਤਾਜਨਕ ਖ਼ਬਰ ਸਾਹਮਣੇ ਆਈ, ਜਿਸ ਨੇ ਪੂਰੇ ਸ਼ਹਿਰ ਵਿੱਚ ਹੜਕੰਪ ਮਚਾ ਦਿੱਤਾ। ਸ਼ਹਿਰ ਦੀਆਂ ਦੋ ਸਭ ਤੋਂ ਮਹੱਤਵਪੂਰਨ ਅਤੇ ਸੰਵੇਦਨਸ਼ੀਲ ਥਾਵਾਂ—ਪੰਜਾਬ ਯੂਨੀਵਰਸਿਟੀ (PU) ਅਤੇ ਡਿਪਟੀ ਕਮਿਸ਼ਨਰ (DC) ਦਫ਼ਤਰ—ਨੂੰ ਬੰਬ ਨਾਲ ਉਡਾਉਣ ਦੀ ਧਮਕੀ ਮਿਲੀ। ਇਸ ਖ਼ਬਰ ਦੇ ਫੈਲਦਿਆਂ ਹੀ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਵਿੱਚ ਭਾਜੜ ਪੈ ਗਈ।

ਘਟਨਾ ਦਾ ਵੇਰਵਾ:
ਸੋਮਵਾਰ ਸਵੇਰੇ ਲਗਭਗ 11:45 ਵਜੇ ਦੇ ਕਰੀਬ ਇਹ ਸੂਚਨਾ ਜਨਤਕ ਹੋਈ ਕਿ ਅਣਪਛਾਤੇ ਸਰੋਤਾਂ ਵੱਲੋਂ ਇਹਨਾਂ ਸਰਕਾਰੀ ਅਤੇ ਵਿਦਿਅਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਗਈ ਹੈ। ਧਮਕੀ ਮਿਲਣ ਤੋਂ ਤੁਰੰਤ ਬਾਅਦ ਚੰਡੀਗੜ੍ਹ ਪੁਲਿਸ ਹਰਕਤ ਵਿੱਚ ਆ ਗਈ। ਸੁਰੱਖਿਆ ਦੇ ਮੱਦੇਨਜ਼ਰ, ਦੋਵਾਂ ਥਾਵਾਂ 'ਤੇ ਭਾਰੀ ਪੁਲਿਸ ਬਲ ਤਾਇਨਾਤ ਕਰ ਦਿੱਤਾ ਗਿਆ।

ਪੁਲਿਸ ਅਤੇ ਸੁਰੱਖਿਆ ਏਜੰਸੀਆਂ ਦੀ ਕਾਰਵਾਈ:
ਧਮਕੀ ਦੀ ਗੰਭੀਰਤਾ ਨੂੰ ਦੇਖਦੇ ਹੋਏ, ਬੰਬ ਨਿਰੋਧਕ ਦਸਤਾ (Bomb Squad) ਅਤੇ ਡੌਗ ਸਕੁਐਡ (Dog Squad) ਦੀਆਂ ਟੀਮਾਂ ਤੁਰੰਤ ਮੌਕੇ 'ਤੇ ਪਹੁੰਚੀਆਂ। ਪੰਜਾਬ ਯੂਨੀਵਰਸਿਟੀ ਦੇ ਵਿਸ਼ਾਲ ਕੈਂਪਸ ਅਤੇ ਸੈਕਟਰ-17 ਸਥਿਤ ਡੀਸੀ ਦਫ਼ਤਰ ਦੀ ਬਾਰੀਕੀ ਨਾਲ ਤਲਾਸ਼ੀ ਲਈ ਗਈ। ਪੁਲਿਸ ਨੇ ਇਲਾਕੇ ਦੀ ਘੇਰਾਬੰਦੀ ਕਰ ਦਿੱਤੀ ਅਤੇ ਹਰ ਆਉਣ-ਜਾਣ ਵਾਲੇ ਵਿਅਕਤੀ ਦੀ ਸਖ਼ਤ ਚੈਕਿੰਗ ਸ਼ੁਰੂ ਕਰ ਦਿੱਤੀ।

ਯੂਨੀਵਰਸਿਟੀ ਕੈਂਪਸ ਵਿੱਚ, ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਵਿਦਿਆਰਥੀ ਅਤੇ ਸਟਾਫ਼ ਮੌਜੂਦ ਹੁੰਦਾ ਹੈ, ਉੱਥੇ ਵਿਸ਼ੇਸ਼ ਸਾਵਧਾਨੀ ਵਰਤੀ ਗਈ। ਹੋਸਟਲਾਂ, ਵਿਭਾਗਾਂ ਅਤੇ ਪਾਰਕਿੰਗ ਖੇਤਰਾਂ ਦੀ ਜਾਂਚ ਕੀਤੀ ਗਈ। ਇਸੇ ਤਰ੍ਹਾਂ ਡੀਸੀ ਦਫ਼ਤਰ ਵਿੱਚ ਵੀ ਕੰਮਕਾਜ ਨੂੰ ਪ੍ਰਭਾਵਿਤ ਕੀਤੇ ਬਿਨਾਂ ਸੁਰੱਖਿਆ ਜਾਂਚ ਜਾਰੀ ਰੱਖੀ ਗਈ ਤਾਂ ਜੋ ਕਿਸੇ ਵੀ ਅਣਸੁਖਾਵੀਂ ਘਟਨਾ ਤੋਂ ਬਚਿਆ ਜਾ ਸਕੇ।

ਮੌਜੂਦਾ ਸਥਿਤੀ:
ਪੁਲਿਸ ਅਧਿਕਾਰੀਆਂ ਅਨੁਸਾਰ, ਸ਼ੁਰੂਆਤੀ ਜਾਂਚ ਵਿੱਚ ਹਾਲੇ ਤੱਕ ਕੋਈ ਵੀ ਸ਼ੱਕੀ ਵਸਤੂ ਬਰਾਮਦ ਨਹੀਂ ਹੋਈ ਹੈ।



ਪੁਲਿਸ ਦਾ ਮੰਨਣਾ ਹੈ ਕਿ ਇਹ ਕਿਸੇ ਦੀ ਸ਼ਰਾਰਤ ਵੀ ਹੋ ਸਕਦੀ ਹੈ, ਪਰ ਉਹ ਕਿਸੇ ਵੀ ਤਰ੍ਹਾਂ ਦਾ ਜੋਖਮ ਨਹੀਂ ਲੈਣਾ ਚਾਹੁੰਦੇ। ਸੁਰੱਖਿਆ ਏਜੰਸੀਆਂ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ ਕਿ ਇਹ ਧਮਕੀ ਭਰੀ ਕਾਲ ਜਾਂ ਈਮੇਲ ਕਿੱਥੋਂ ਆਈ ਸੀ। ਸਾਈਬਰ ਸੈੱਲ ਦੀ ਮਦਦ ਨਾਲ ਸਰੋਤ ਨੂੰ ਟਰੇਸ ਕੀਤਾ ਜਾ ਰਿਹਾ ਹੈ।ਪ੍ਰਸ਼ਾਸਨ ਦੀ ਅਪੀਲ:
ਚੰਡੀਗੜ੍ਹ ਪ੍ਰਸ਼ਾਸਨ ਅਤੇ ਪੁਲਿਸ ਨੇ ਲੋਕਾਂ ਨੂੰ ਸ਼ਾਂਤ ਰਹਿਣ ਅਤੇ ਅਫ਼ਵਾਹਾਂ 'ਤੇ ਵਿਸ਼ਵਾਸ ਨਾ ਕਰਨ ਦੀ ਅਪੀਲ ਕੀਤੀ ਹੈ। ਪੁਲਿਸ ਨੇ ਕਿਹਾ ਹੈ ਕਿ ਸਥਿਤੀ ਪੂਰੀ ਤਰ੍ਹਾਂ ਕੰਟਰੋਲ ਵਿੱਚ ਹੈ ਅਤੇ ਸੁਰੱਖਿਆ ਦੇ ਸਖ਼ਤ ਪ੍ਰਬੰਧ ਕੀਤੇ ਗਏ ਹਨ। ਵਿਦਿਆਰਥੀਆਂ ਅਤੇ ਕਰਮਚਾਰੀਆਂ ਨੂੰ ਅਪੀਲ ਕੀਤੀ ਗਈ ਹੈ ਕਿ ਜੇਕਰ ਉਹਨਾਂ ਨੂੰ ਕੋਈ ਵੀ ਲਾਵਾਰਿਸ ਜਾਂ ਸ਼ੱਕੀ ਵਸਤੂ ਦਿਖਾਈ ਦਿੰਦੀ ਹੈ, ਤਾਂ ਉਹ ਤੁਰੰਤ ਪੁਲਿਸ ਨੂੰ ਸੂਚਿਤ ਕਰਨ।

ਸਿੱਟਾ:
ਇਸ ਘਟਨਾ ਨੇ ਸ਼ਹਿਰ ਦੀ ਸੁਰੱਖਿਆ ਪ੍ਰਣਾਲੀ ਨੂੰ ਮੁੜ ਤੋਂ ਚੌਕਸ ਕਰ ਦਿੱਤਾ ਹੈ। ਹਾਲਾਂਕਿ ਹਾਲੇ ਤੱਕ ਕੋਈ ਖ਼ਤਰਾ ਸਾਬਤ ਨਹੀਂ ਹੋਇਆ, ਪਰ ਪੰਜਾਬ ਯੂਨੀਵਰਸਿਟੀ ਵਰਗੇ ਵਿਦਿਅਕ ਅਦਾਰੇ ਅਤੇ ਡੀਸੀ ਦਫ਼ਤਰ ਵਰਗੇ ਪ੍ਰਸ਼ਾਸਨਿਕ ਕੇਂਦਰ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਨੇ ਲੋਕਾਂ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਪੁਲਿਸ ਮਾਮਲੇ ਦੀ ਡੂੰਘਾਈ ਨਾਲ ਜਾਂਚ ਕਰ ਰਹੀ ਹੈ ਤਾਂ ਜੋ ਦੋਸ਼ੀਆਂ ਨੂੰ ਜਲਦ ਤੋਂ ਜਲਦ ਫੜਿਆ ਜਾ ਸਕੇ।

## Cee7News ਇੱਥੇ ਇਰਾਨ-ਇਜ਼ਰਾਈਲ ਜੰਗ ਅਤੇ ਪਾਕਿਸਤਾਨ ਦੀ ਵਿਚੋਲਗੀ ਨਾਲ ਸਬੰਧਤ ਤਾਜ਼ਾ ਘਟਨਾਕ੍ਰਮ 'ਤੇ ਆਧਾਰਿਤ ਇੱਕ ਵਿਸਤ੍ਰਿਤ ਵਿਸ਼ਲੇਸ਼ਣ

## ਪਾਕਿਸਤਾਨ ਦੀ ਵਿਚੋਲਗੀ ਅਤੇ ਅਮਰੀਕਾ ਦਾ ਸਖ਼ਤ ਰੁਖ਼

ਪੱਛਮੀ ਏਸ਼ੀਆ ਵਿੱਚ ਚੱਲ ਰਿਹਾ ਇਰਾਨ-ਇਜ਼ਰਾਈਲ ਟਕਰਾਅ ਹੁਣ ਇੱਕ ਅਜਿਹੇ ਮੋੜ 'ਤੇ ਪਹੁੰਚ ਗਿਆ ਹੈ ਜਿੱਥੇ ਪੂਰੀ ਦੁਨੀਆ ਦੀਆਂ ਨਜ਼ਰਾਂ ਇਸ ਖੇਤਰ 'ਤੇ ਟਿਕੀਆਂ ਹੋਈਆਂ ਹਨ। ਹਾਲ ਹੀ ਵਿੱਚ ਪਾਕਿਸਤਾਨ ਵੱਲੋਂ ਇਰਾਨ ਅਤੇ ਅਮਰੀਕਾ (ਜੋ ਕਿ ਇਜ਼ਰਾਈਲ ਦਾ ਮੁੱਖ ਸਹਿਯੋਗੀ ਹੈ) ਵਿਚਾਲੇ ਸੁਲ੍ਹਾ ਕਰਵਾਉਣ ਦੀਆਂ ਕੋਸ਼ਿਸ਼ਾਂ ਨੇ ਕੌਮਾਂਤਰੀ ਰਾਜਨੀਤੀ ਵਿੱਚ ਇੱਕ ਨਵੀਂ ਚਰਚਾ ਛੇੜ ਦਿੱਤੀ ਹੈ। ਅਪਰੈਲ 2026 ਦੇ ਇਨ੍ਹਾਂ ਦਿਨਾਂ ਵਿੱਚ, ਜਿੱਥੇ ਇੱਕ ਪਾਸੇ ਜੰਗਬੰਦੀ ਦੀਆਂ ਉਮੀਦਾਂ ਜਾਗੀਆਂ ਸਨ, ਉੱਥੇ ਹੀ ਦੂਜੇ ਪਾਸੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਸਖ਼ਤ ਰੁਖ਼ ਅਤੇ ਇਰਾਨ ਦੀਆਂ ਆਪਣੀਆਂ ਸ਼ਰਤਾਂ ਕਾਰਨ ਸਥਿਤੀ ਮੁੜ ਤਣਾਅਪੂਰਨ ਹੋ ਗਈ ਹੈ। ਪਾਕਿਸਤਾਨ ਦੀ ਭੂਮਿਕਾ: ਇੱਕ ਵਿਚੋਲੇ ਵਜੋਂ ਉਭਾਰ ਪਾਕਿਸਤਾਨ, ਜਿਸ ਦੇ ਇਰਾਨ ਨਾਲ ਭਾਈਚਾਰਕ ਸਬੰਧ ਹਨ ਅਤੇ ਅਮਰੀਕਾ ਨਾਲ ਰਣਨੀਤਕ ਰਿਸ਼ਤੇ ਹਨ, ਇਸ ਜੰਗ ਵਿੱਚ ਇੱਕ ਮਹੱਤਵਪੂਰਨ ਵਿਚੋਲੇ ਵਜੋਂ ਉੱਭਰਿਆ ਹੈ। ਪਾਕਿਸਤਾਨੀ ਲੀਡਰਸ਼ਿਪ, ਜਿਸ ਵਿੱਚ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਅਤੇ ਫੌਜ ਮੁਖੀ ਜਨਰਲ ਆਸਿਮ ਮੁਨੀਰ ਸ਼ਾਮਲ ਹਨ, ਨੇ ਤਹਿਰਾਨ ਅਤੇ ਵਾਸ਼ਿੰਗਟਨ ਵਿਚਾਲੇ ਪਾੜਾ ਘਟਾਉਣ ਲਈ ਕਈ ਗੇੜਾਂ ਦੀ ਗੱਲਬਾਤ ਕੀਤੀ ਹੈ। ਇਸਲਾਮਾਬਾਦ ਵਿੱਚ ਹੋਈਆਂ ਇਨ੍ਹਾਂ ਮੀਟਿੰਗਾਂ ਦਾ ਮੁੱਖ ਉਦੇਸ਼ ਖੇਤਰ ਵਿੱਚ ਵਧ ਰਹੀ ਹਿੰਸਾ ਨੂੰ ਰੋਕਣਾ ਅਤੇ ਹੋਰਮੁਜ਼ ਜਲਮਾਰਗ (Strait of Hormuz) ਨੂੰ ਮੁੜ ਖੋਲ੍ਹਣਾ ਸੀ, ਜਿਸ ਨੂੰ ਇਰਾਨ ਨੇ ਬੰਦ ਕਰਨ ਦੀ ਧਮਕੀ ਦਿੱਤੀ ਸੀ।
ਪਾਕਿਸਤਾਨ ਨੇ ਅਮਰੀਕਾ ਨੂੰ ਅਪੀਲ ਕੀਤੀ ਸੀ ਕਿ ਉਹ ਇਰਾਨ 'ਤੇ ਲਗਾਈ ਗਈ ਸਮੁੰਦਰੀ ਨਾਕਾਬੰਦੀ ਵਿੱਚ ਢਿੱਲ ਦੇਵੇ ਤਾਂ ਜੋ ਗੱਲਬਾਤ ਦਾ ਮਾਹੌਲ ਬਣ ਸਕੇ। ਪਾਕਿਸਤਾਨ ਦਾ ਮੰਨਣਾ ਹੈ ਕਿ ਇਸ ਜੰਗ ਦਾ ਅਸਰ ਸਿਰਫ਼ ਗੁਆਂਢੀ ਦੇਸ਼ਾਂ 'ਤੇ ਹੀ ਨਹੀਂ, ਸਗੋਂ ਪੂਰੀ ਦੁਨੀਆ ਦੀ ਆਰਥਿਕਤਾ 'ਤੇ ਪੈ ਰਿਹਾ ਹੈ। ਅਮਰੀਕਾ ਦਾ ਪੱਖ: ਟਰੰਪ ਦੀ 'ਪਹਿਲਾਂ ਫੋਨ ਕਰੋ' ਨੀਤੀ
ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਸ ਪੂਰੇ ਮਾਮਲੇ ਵਿੱਚ ਬਹੁਤ ਹੀ ਸਖ਼ਤ ਅਤੇ ਸਪੱਸ਼ਟ ਰੁਖ਼ ਅਪਣਾਇਆ ਹੈ। ਟਰੰਪ ਨੇ ਹਾਲ ਹੀ ਵਿੱਚ ਇੱਕ ਬਿਆਨ ਦਿੱਤਾ ਕਿ ਜੇਕਰ ਇਰਾਨ ਜੰਗ ਖਤਮ ਕਰਨਾ ਚਾਹੁੰਦਾ ਹੈ, ਤਾਂ ਉਸ ਨੂੰ ਖ਼ੁਦ ਅਮਰੀਕਾ ਨਾਲ ਸੰਪਰਕ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, "ਜੇ ਉਹ ਗੱਲ ਕਰਨਾ ਚਾਹੁੰਦੇ ਹਨ, ਤਾਂ ਉਹ ਸਾਡੇ ਕੋਲ ਆ ਸਕਦੇ ਹਨ ਜਾਂ ਸਾਨੂੰ ਫ਼ੋਨ ਕਰ ਸਕਦੇ ਹਨ। ਸਾਡੇ ਕੋਲ ਸੁਰੱਖਿਅਤ ਲਾਈਨਾਂ ਹਨ।"
ਟਰੰਪ ਪ੍ਰਸ਼ਾਸਨ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਇਰਾਨ ਆਪਣੇ ਪਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਰੋਕਣ ਅਤੇ ਇਜ਼ਰਾਈਲ ਵਿਰੁੱਧ ਆਪਣੇ ਹਮਲੇ ਬੰਦ ਕਰਨ ਲਈ ਸਹਿਮਤ ਨਹੀਂ ਹੁੰਦਾ, ਉਦੋਂ ਤੱਕ ਕੋਈ ਵੱਡੀ ਰਿਆਇਤ ਨਹੀਂ ਦਿੱਤੀ ਜਾਵੇਗੀ। ਅਮਰੀਕਾ ਨੇ ਇੱਥੋਂ ਤੱਕ ਕਿ ਆਪਣੇ ਵਿਸ਼ੇਸ਼ ਦੂਤਾਂ, ਜੇਰੇਡ ਕੁਸ਼ਨਰ ਅਤੇ ਸਟੀਵ ਵਿਟਕੋਫ ਦਾ ਪਾਕਿਸਤਾਨ ਦੌਰਾ ਵੀ ਰੱਦ ਕਰ ਦਿੱਤਾ, ਜਿਸ ਨਾਲ ਸ਼ਾਂਤੀ ਵਾਰਤਾ ਨੂੰ ਵੱਡਾ ਝਟਕਾ ਲੱਗਾ। ਇਰਾਨ ਦਾ ਸਟੈਂਡ: ਸਵੈ-ਮਾਣ ਅਤੇ ਸ਼ਰਤਾਂ ਦੂਜੇ



ਪਾਸੇ ਇਰਾਨ ਨੇ ਅਮਰੀਕਾ ਦੀਆਂ ਸ਼ਰਤਾਂ ਨੂੰ 'ਇਕਪਾਸੜ ਅਤੇ ਅਪਮਾਨਜਨਕ' ਕਰਾਰ ਦਿੱਤਾ ਹੈ। ਇਰਾਨ ਦੇ ਰਾਸ਼ਟਰਪਤੀ ਮਸੂਦ ਪੇਜ਼ੇਸ਼ਕੀਅਨ ਨੇ ਪਾਕਿਸਤਾਨੀ ਪ੍ਰਧਾਨ ਮੰਤਰੀ ਨਾਲ ਫ਼ੋਨ 'ਤੇ ਗੱਲ ਕਰਦਿਆਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਅਮਰੀਕਾ ਇਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਨਹੀਂ ਹਟਾਉਂਦਾ, ਉਦੋਂ ਤੱਕ ਕੋਈ ਗੱਲਬਾਤ ਸੰਭਵ ਨਹੀਂ ਹੈ। ਇਰਾਨ ਦਾ ਕਹਿਣਾ ਹੈ ਕਿ ਉਹ ਦਬਾਅ ਹੇਠ ਕੋਈ ਸਮਝੌਤਾ ਨਹੀਂ ਕਰੇਗਾ। ਇਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਕਚੀ ਦੀ ਪਾਕਿਸਤਾਨ ਫੇਰੀ ਦੌਰਾਨ ਇਹ ਸਪੱਸ਼ਟ ਹੋ ਗਿਆ ਕਿ ਤਹਿਰਾਨ ਆਪਣੀ ਸੁਰੱਖਿਆ ਅਤੇ ਖੇਤਰੀ ਪ੍ਰਭਾਵ ਨਾਲ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ।
ਜੰਗ ਦੇ ਵਿਸ਼ਵਵਿਆਪੀ ਪ੍ਰਭਾਵ
ਇਸ ਟਕਰਾਅ ਨੇ ਦੁਨੀਆ ਭਰ ਵਿੱਚ ਤੇਲ ਦੀਆਂ ਕੀਮਤਾਂ ਨੂੰ ਅਸਮਾਨੀ ਪਹੁੰਚਾ ਦਿੱਤਾ ਹੈ। ਹੋਰਮੁਜ਼ ਜਲਮਾਰਗ, ਜਿੱਥੋਂ ਵਿਸ਼ਵ ਦਾ ਇੱਕ ਤਿਹਾਈ ਕੱਚਾ ਤੇਲ ਲੰਘਦਾ ਹੈ, ਦੇ ਬੰਦ ਹੋਣ ਦੇ ਖ਼ਦਸ਼ੇ ਨੇ ਗਲੋਬਲ ਸਪਲਾਈ ਚੇਨ ਨੂੰ ਤਬਾਹ ਕਰ ਦਿੱਤਾ ਹੈ। ਅਮਰੀਕਾ ਵਿੱਚ ਪੈਟਰੋਲ ਦੀਆਂ ਕੀਮਤਾਂ ਵਧਣ ਕਾਰਨ ਆਮ ਜਨਤਾ ਵਿੱਚ ਭਾਰੀ ਰੋਸ ਹੈ, ਜਿਸ ਦਾ ਸਿੱਧਾ ਅਸਰ ਟਰੰਪ ਦੀਆਂ ਘਰੇਲੂ ਨੀਤੀਆਂ 'ਤੇ ਵੀ ਪੈ ਰਿਹਾ ਹੈ।
ਇਸ ਤੋਂ ਇਲਾਵਾ, ਇਸਰਾਈਲ-ਲੈਬਨਾਨ ਸਰਹੱਦ 'ਤੇ ਵੀ ਤਣਾਅ ਵਧਿਆ ਹੋਇਆ ਹੈ। ਹਾਲਾਂਕਿ ਕੁਝ ਦਿਨਾਂ ਲਈ ਜੰਗਬੰਦੀ ਦਾ ਐਲਾਨ ਕੀਤਾ ਗਿਆ ਸੀ, ਪਰ ਜ਼ਮੀਨੀ ਪੱਧਰ 'ਤੇ ਹਿੰਸਾ ਪੂਰੀ ਤਰ੍ਹਾਂ ਨਹੀਂ ਰੁਕੀ। ਮਾਹਿਰਾਂ ਦਾ ਕਹਿਣਾ ਹੈ ਕਿ ਜੇਕਰ ਇਹ ਜੰਗ ਲੰਬੀ ਖਿੱਚੀ ਗਈ, ਤਾਂ ਇਹ ਇੱਕ 'ਤੀਜੀ ਵਿਸ਼ਵ ਜੰਗ' ਦਾ ਰੂਪ ਲੈ ਸਕਦੀ ਹੈ, ਜਿਸ ਵਿੱਚ ਰੂਸ ਅਤੇ ਚੀਨ ਵਰਗੀਆਂ ਸ਼ਕਤੀਆਂ ਦੇ ਵੀ ਸ਼ਾਮਲ ਹੋਣ ਦਾ ਖ਼ਤਰਾ ਹੈ।

# *ਫੁਰਸਤ *



ਤੈਨੂੰ ਫੁਰਸਤ ਚ ਵੀ ਫੁਰਸਤ ਨਹੀਂ ਏ ਮੇਰੇ ਲਈ,
ਦੱਸ ਸੱਜਣਾ ਅਸੀ ਕੀ ਨਹੀਂ ਝੱਲਿਆ ਤੇਰੇ ਲਈ,

ਰਾਤ ਦੇ ਸੁੰਨੇ ਪਲਾਂ 'ਚ ਰੋਏ ਚੁੱਪ ਦੀ ਚਾਦਰ ਤਾਣ,
ਮੁੱਖ ਤੇ ਅਸਾਂ ਹਾਸਾ ਰੱਖਿਆ ਚੜ੍ਹਦੇ ਸਵੇਰੇ ਲਈ,

ਤੇਰੀ ਬੇਰੁਖੀ 'ਚ ਵੀ ਯਾਦਾਂ ਨੂੰ ਸੀਨੇਂ ਨਾਲ ਲਾਇਆ,
ਦੱਸ ਕੀ ਖਿਤਾਬ ਦਵਾਂ ਤੇਰੇ ਰੁਖਪਣ ਦੇ ਜੇਰੇ ਲਈਂ,

ਰੂਹ ਤੇਰੇ ਹਵਾਲੇ ਕਰ, ਮੁਰਸ਼ਦ ਨੂੰ ਵੀ ਲਿਆ ਮਨਾ,
ਤੇਰੇ ਬੋਲਾਂ ਨੂੰ ਕੰਨ ਤਰਸੇ, ਉਮਰ ਲੰਘਾਂਤੀ ਵਸੇਰੇ ਲਈ,

ਰਾਣੂ ਕਿਤਾਬਾਂ ਦੇ ਪੰਨੇ ਵਾਂਗ, ਦਿਲ ਇਹ ਮੁੜਦਾ ਰਿਹਾ,
ਹਰ ਸਫ਼ੇ 'ਤੇ ਜ਼ਿਕਰ ਕਰਿਆ ਬਸ ਤੇਰੇ ਲਈ.. ॥

ਗੁਰਜੀਤ ਕੌਰ ਰਾਣੂ.. ✍🏻

# ਗ਼ਦਾਰ (ਖਾਰੇ ਵਾਲਿਆ,)



ਗ਼ਦਾਰ
ਰਾਜ ਸਭਾ ਦੀਆ ਸੀਟਾਂ ਮੁੱਲ ਵੇਚੀਆ,
ਇਕੱਠੇ ਕੀਤੇ ਸੈਂਕੜੇ ਲੱਖ ਹਜ਼ਾਰ ਜੀ।

ਪੰਜਾਬ ਦੇ ਬੁੱਧੀਜੀਵੀ ਪਸੰਦ ਨਾ ਕੀਤੇ,
ਖੂੰਜੇ ਲਾਏ ਕਈ ਭਮੱਕੜ ਵਫ਼ਾਦਾਰ ਜੀ।

ਪੰਜਾਬ ਵਿੱਚ ਵਿਰੋਧੀ ਧਿਰਾਂ ਨੇ ਮੁੱਦਾ ਸੀ ਚੁੱਕਿਆ,
ਕੱਟੜ ਇਮਾਨਦਾਰਾਂ, ਕੀਤਾ ਹੈ ਵਿਉਪਾਰ ਜੀ।

ਮਾਨ ਸਰਕਾਰ ਨੂੰ ਰਬੜ ਦੀ ਮੋਹਰ ਬਣਾਇਆ,
ਦਿੱਲੀ ਤੋ ਚਲਦੀ ਰਹੀ ਮਾਨ ਸਰਕਾਰ ਜੀ।

ਮੈਨੂੰ ਸਿਰਫ ਦੋ ਕਮਰਿਆਂ ਦਾ ਘਰ ਚਾਹੀਦਾ,
ਕਰੋੜਾਂ ਦੇ ਸੀਸ ਮਹਿਲ ਲਏ ਉਸਾਰ ਜੀ।

ਵਿਰੋਧੀਆਂ ਦੀ ਜ਼ੁਬਾਨਬੰਦੀ ਕਰਕੇ ਜੇਲ੍ਹੀ ਡੱਕੇ,
ਖ੍ਰੀਦਿਆਂ ਮੀਡੀਆ, ਨਾਲੇ ਖ੍ਰੀਦੇ ਅਖਬਾਰ ਜੀ।

ਮੁੱਲ ਦੀ ਜਨਾਨੀ ਬਹੁਤ ਘੱਟ ਵੱਸਦੀ,
ਪਤੀ ਸੁੱਤਾ ਛੱਡ ਕੇ ਹੋ ਜਾਦੀ ਫ਼ਰਾਰ ਜੀ।

ਰਾਘਵ ਚੰਡੇ ਨਾਲ ਮੱਤਭੇਦ ਮਹਿੰਗੇ ਪਏ,
ਝਾੜੂ ਤੀਲਾ-ਤੀਲਾ ਕਰਕੇ ਦਿੱਤਾ ਖਲਾਰ ਜੀ।

ਜਦੋਂ ਘਰ ਦੇ ਮਸਲੇ, ਘਰੇ ਨਜਿੱਠ ਨਾ ਹੁੰਦੇ,
ਫੇਰ ਜੱਗ ਤੇ ਮੱਚਦੀ ਹਾਹਾਕਾਰ ਜੀ।

ਕੁੱਕੜ ਖੇਹ ਉਡਾਈ, ਆਪਣੇ ਸਿਰ ਵਿੱਚ ਪਾਈ,
ਧਰਨੇ ਲਾਉਂਦੇ, ਘਰਾਂ ਅੱਗੇ ਲਿਖਦੇ ਗੱਦਾਰ ਜੀ।

ਮੈਂਬਰ ਸ਼ੱਕੀ ਹੋਏ, ਭਰੋਸਾ ਤਿੜਕਿਆ,
ਬੇੜੀ ਡੁੱਬ ਨਾ ਜਾਏ ਅੱਧ ਵਿਚਕਾਰ ਜੀ।

ਮਸ਼ਹੂਰੀਆਂ ਨਾਲ ਸਰਕਾਰਾਂ ਨਾ ਚੱਲਦੀਆਂ,
ਰੇਤ ਦੀਆਂ ਕੰਧਾਂ ਤੇ ਮਹਿਲ ਨਾ ਹੁੰਦੇ ਉਸਾਰ ਜੀ।

ਖਾਰੇ ਵਾਲਿਆ,

ਕਹਿਣੀ ਤੇ ਕਰਨੀ ਵਿੱਚ ਜ਼ਮੀਨ ਅਸਮਾਨ ਦਾ,
ਜਨਤਾਂ ਦਾ ਕਿੱਕਲੀਆਂ ਨਾਲ ਦਿੰਦੇ ਸਾਰ ਜੀ।

# "ਬੁਰੀ ਸੰਗਤ ਕੋਲੇ ਵਾਂਗ ਹੁੰਦੀ ਹੈ ਜੋ ਗਰਮ ਹੋਵੇ ਤਾਂ ਹੱਥ ਸਾੜ ਦਿੰਦਾ ਹੈ ਅਤੇ ਠੰਢਾ ਹੋਵੇ ਤਾਂ ਹੱਥ ਕਾਲੇ ਕਰ ਦਿੰਦਾ ਹੈ"



ਬੁਰੀ ਸੰਗਤ ਕੋਲੇ ਵਾਂਗ ਹੁੰਦੀ ਹੈ ਜੋ ਗਰਮ ਹੋਵੇ ਤਾਂ ਹੱਥ ਸਾੜ ਦਿੰਦਾ ਹੈ ਅਤੇ ਠੰਢਾ ਹੋਵੇ ਤਾਂ ਹੱਥ ਕਾਲੇ ਕਰ ਦਿੰਦਾ ਹੈ" ਕਹਿਣ ਦਾ ਭਾਵ ਬੁਰੀ ਸੰਗਤ ਇਨਸਾਨ ਨੂੰ ਹਰ ਤਰ੍ਹਾਂ ਨਾਲ ਨੁਕਸਾਨ ਪਹੁੰਚਾਹੁੰਦੀ ਹੈ , ਜਿੰਨਾ ਹੋ ਸਕੇ ਬੱਚਿਆਂ ਨੂੰ ਬੁਰੀ ਸੰਗਤ ਤੋਂ ਬੱਚਣਾ ਚਾਹੀਦਾ ਹੈ ਅਤੇ ਮਾਪਿਆਂ ਦਾ ਫਰਜ਼ ਵੀ ਬਣਦਾ ਹੈ ਕਿ ਇਸ ਗੱਲ ਦਾ ਖਾਸ ਧਿਆਨ ਰੱਖਣ ਕਿ ਸਾਡਾ ਬੱਚਾ ਕਿਸਦੇ ਨਾਲ ਮਿਲਦਾ ਹੈ, ਕਿਸ ਦੇ ਨਾਲ ਬਾਹਰ ਘੁੰਮਦਾ ਫਿਰਦਾ ਹੈ, ਉਸਦੀ ਦੋਸਤੀ ਕਿੰਨਾਂ ਬੱਚਿਆਂ ਨਾਲ ਹੈ । ਪੜ੍ਹਨ ਵਾਲੇ ਅਤੇ ਮਾਤਾ ਪਿਤਾ ਦੇ ਆਗਿਆਕਾਰ ਬੱਚੇ ਬਹੁਤੀ ਅਵਾਰਾਗਰਦੀ ਨਹੀਂ ਕਰਦੇ ਫ਼ਿਰਦੇ ਅਤੇ ਇਹੋ ਜਿਹੇ ਬੱਚੇ ਆਪਣੇ ਦੋਸਤਾਂ ਨੂੰ ਵੀ ਆਪਣੇ ਵਰਗਾ ਬਣਨ ਲਈ ਪ੍ਰੇਰਿਤ ਕਰਦੇ ਹਨ ਅਤੇ ਇਸਤੋਂ ਉਲਟ ਜਿਹੜੇ ਬੱਚੇ ਆਪ ਗਲਤੀਆਂ ਕਰਦੇ ਹਨ ਪੜ੍ਹਨ ਤੋਂ ਮਨ ਚੁਰਾਉਂਦੇ ਹਨ ,ਮਾਪਿਆਂ ਨਾਲ ਝੂਠ ਬੋਲਦੇ ਹਨ ,ਸਕੂਲ ਤੋਂ ਗੈਰਹਾਜ਼ਰ ਰਹਿੰਦੇ ਹਨ ਉਹ ਆਪਣੇ ਦੋਸਤਾਂ ਨੂੰ ਕਿਵੇਂ ਚੰਗੀ ਸਲਾਹ ਦੇਣਗੇ ,ਓਹ ਆਪਣੀ ਸੰਗਤ ਵਿੱਚ ਆਉਣ ਵਾਲਿਆਂ ਨੂੰ ਗਲਤ ਦਿਸ਼ਾ ਦਿੰਦੇ ਹਨ ਅਤੇ ਉਹਨਾਂ ਨੂੰ ਵੀ ਕੰਮਚੋਰ ,ਨਿਕੰਮਾ ,ਵੇਹਲੜ ਅਤੇ ਮਾਪਿਆਂ ਤੋਂ ਬੇਮੁੱਖ ਬਣਾ ਦਿੰਦੇ ਹਨ, ਉਹਨਾਂ ਦੀ ਸੰਗਤ ਵਿੱਚ ਆਕੇ ਇੱਕ ਭੋਲਾ ਭਾਲਾ ਸ਼ਰੀਫ਼ ਬੱਚਾ ਵੀ ਗਲਤੀ ਕਰ ਬੈਠਦਾ ਹੈ। ਮੈਂ ਇਸੇ ਤਰਾਂ ਦੀ ਕਹਾਣੀ ਪੜ੍ਹੀ ਸੀ ਜਿਸ ਵਿੱਚ ਲੇਖਕ ਨੇ ਆਪਣੇ ਬਚਪਨ ਦੀ ਗੱਲ ਦੱਸੀ ਸੀ ਕਿ ਕਿਵੇਂ ਉਸਦਾ ਇੱਕ ਸਹਿਪਾਠੀ ਜੋ ਕਿ ਹਰ ਸਾਲ ਆਪਣੀ ਜਮਾਤ ਵਿੱਚੋਂ ਫੇਲ ਹੋ ਜਾਂਦਾ ਸੀ ਅਤੇ ਫਿਰ ਉਸੇ ਕਲਾਸ ਵਿੱਚ ਰਹਿ ਜਾਂਦਾ ਸੀ, ਉਹ ਲੇਖਕ ਤੋਂ ਉਮਰ ਵਿੱਚ ਵੀ ਵੱਡਾ ਸੀ ਅਤੇ ਕੱਦ ਕਾਠ ਵਿੱਚ ਵੀ ,ਉਸਦੇ ਕਹਿਣ ਤੇ ਓਹਨਾਂ ਨੇ ਇੱਕ ਅੰਨੇ ਵਿਅਕਤੀ ਦੀ ਦੁਕਾਨ ਤੋਂ ਠੰਡੇ ਦੀਆਂ ਬੋਤਲਾਂ ਚੋਰੀ ਕੀਤੀਆਂ ਅਤੇ ਪੀ ਕੇ ਖਾਲੀ ਹੋਈਆਂ ਬੋਤਲਾਂ , ਰੱਦੀ ਕਬਾੜ ਇਕੱਠਾ ਕਰਨ ਵਾਲੇ ਨੂੰ ਵੇਚ ਦਿੱਤੀਆਂ ਅਤੇ ਜਦੋਂ ਅੰਨ੍ਹੇ ਵਿਅਕਤੀ ਦੇ ਮੁੰਡੇ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹ ਉਲ੍ਹਾਮਾਂ ਲੈਕੇ ਲੇਖਕ ਦੇ ਘਰ ਪਹੁੰਚਾ ਅਤੇ ਇਸਦੇ ਬਦਲੇ ਲੇਖਕ ਦੇ ਪਿਤਾ ਜੀ ਨੇ ਆਪਣੇ ਮੁੰਡੇ ਜਾਨੀ ਲੇਖਕ ਦੀ ਖੂਬ ਛਿੱਤਰ ਪਰੇਡ ਕੀਤੀ ਇਸਤੋਂ ਬਾਅਦ ਲੇਖਕ ਨੂੰ ਅਹਿਸਾਸ ਹੋਇਆ ਕਿ ਉਹ ਗਲਤ ਨਹੀਂ ਸੀ ਗਲਤ ਉਸਦੀ ਸੰਗਤ ਸੀ ਜਿਸਨੇ ਨਾ ਚਾਹੁੰਦੇ ਹੋਏ ਵੀ ਲੇਖਕ ਨੂੰ ਓਹ ਗਲਤ ਕੰਮ ਕਰਨ ਲਈ ਮਜਬੂਰ ਕੀਤਾ ਦੂਜੇ ਮੁੰਡੇ ਦੀ ਵੀ ਪਰੇਡ ਹੋਈ ਪਰ ਉਸਨੂੰ ਕੋਈ ਫ਼ਰਕ ਨਹੀਂ ਪਿਆ ,ਪਰ ਲੇਖਕ ਇੱਕ ਗਲਤੀ ਕਰਕੇ ਕੰਨਾਂ ਨੂੰ ਹੱਥ ਲਗਾ ਗਿਆ ,ਕਹਿਣ ਦਾ ਭਾਵ ਕਿ ਮਾੜੀ ਸੰਗਤ ਤੁਹਾਨੂੰ ਗਲਤ ਕਰਨ ਲਈ ਉਕਸਾਉਂਦੀ ਹੈ ਲੇਖਕ ਵਰਗੇ ਤੇ ਇੱਕ ਗਲਤੀ ਤੋਂ ਬਾਅਦ ਮੁੜ ਆਉਂਦੇ ਹਨ ਪਰ ਕਈ ਇਹੋ ਜਿਹੇ ਹੁੰਦੇ ਹਨ

ਜੋ ਕਿ ਇਸ ਦਲਦਲ ਵਿੱਚ ਅਜਿਹੇ ਫੱਸ ਜਾਂਦੇ ਹਨ ਕਿ ਮੁੜਕੇ ਬੁਰਾਈ ਵਿੱਚੋਂ ਨਿਕਲਣਾ ਮੁਸ਼ਕਿਲ ਹੋ ਜਾਂਦਾ ਹੈ ਸੋ ਮਾਪਿਆਂ ਅਤੇ ਬੱਚਿਆਂ ਦੋਵਾਂ ਦਾ ਚੁਕੰਨੇ ਰਹਿਣਾ ਜਰੂਰੀ ਹੈ ਤਾਂ ਕਿ ਇਹੋ ਜਿਹੀ ਬੁਰੀ ਸੰਗਤ ਦੇ ਅਸਰ ਤੋਂ ਬੱਚੇ ਬਚੇ ਰਹਿਣ, ਬਾਅਦ ਵਿੱਚ ਬੱਚਿਆਂ ਨੂੰ ਇਹੋ ਜਿਹੇ ਕੰਮਾਂ ਵਿੱਚੋਂ ਕੱਢਣਾ ਬਹੁਤ ਮੁਸ਼ਕਿਲ ਹੋ ਜਾਂਦਾ ਹੈ।

✍️ ਹਰਵਿੰਦਰ ਕੌਰ ਕਾਹਲੋਂ

## ਝੂਠ ਦੇ ਪੁਲੰਦੇ ਹੁਣ ਆਮ ਹੋ ਗਏ..



ਝੂਠ ਦੇ ਪੁਲੰਦੇ
ਹੁਣ ਆਮ ਹੋ ਗਏ..
ਸੱਚ ਬੋਲਣ ਵਾਲੇ
ਚੰਗੇ ਬਦਨਾਮ ਹੋ ਗਏ..
ਤਲਖ਼ੀ ਵਿੱਚ ਰਿਸ਼ਤੇ ਤਾਰ ਤਾਰ
ਸ਼ਰੇਆਮ ਹੋ ਗਏ..
ਕਾਲੀਆਂ ਕਰਤੂਤਾਂ ਵਾਲਿਆਂ ਦੇ
ਵੱਡੇ ਵੱਡੇ ਨਾਮ ਹੋ ਗਏ..
ਸੋਨੇ ਦੇ ਪਤਰੇ ਜਿਹੇ ਸੁਫ਼ਨੇ
ਰੱਦੀ ਭਾਅ ਨਿਲਾਮ ਹੋ ਗਏ..
ਦਿਨ ਹੁੰਦੇ ਸੀ ਹਾਸੇ ਜਿਨ੍ਹਾਂ ਦੇ
ਢਲਦੇ ਢਲਦੇ .. ਸ਼ਾਮ ਹੋ ਗਏ..
ਝੂਠ ਦੇ ਪੁਲੰਦੇ
ਹੁਣ ਆਮ ਹੋ ਗਏ.. ਲੇਖਕ : ਮਨਦੀਪ ਕੌਰ ਟਾਂਗਰਾ।

## cEE7 nEWS ਸਾਹਿਤ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਵੱਲੋਂ ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਪੰਜਾਬੀ ਕਵਿੱਤਰੀ ਅਤੇ "ਏਕਮ" ਦੀ ਸੰਪਾਦਕ ਅਰਤਿੰਦਰ ਸੰਧੂ ਨੂੰ ਪ੍ਰਦਾਨ ਕੀਤਾ ਗਿਆ ।

# ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਅਰਤਿੰਦਰ ਸੰਧੂ ਨੂੰ ਪ੍ਰਦਾਨ ਕੀਤਾ ਗਿਆ

ਜਲੰਧਰ:ਅੱਜ ਪੰਜਾਬੀ ਲੇਖਕ ਸਭਾ (ਰਜਿ.) ਜਲੰਧਰ ਵੱਲੋਂ ਇੱਕ ਵਿਸ਼ੇਸ਼ ਸਮਾਗਮ ਕਰਕੇ ਸੰਤ ਜਗਦੀਸ਼ ਸਿੰਘ ਵਰਿਆਮ ਯਾਦਗਾਰੀ ਪੁਰਸਕਾਰ ਪੰਜਾਬੀ ਕਵਿੱਤਰੀ ਅਤੇ "ਏਕਮ" ਦੀ ਸੰਪਾਦਕ ਅਰਤਿੰਦਰ ਸੰਧੂ ਨੂੰ ਪ੍ਰਦਾਨ ਕੀਤਾ ਗਿਆ ।

ਇਸ ਸਮਾਗਮ ਦੀ ਪ੍ਰਧਾਨਗੀ ਪ੍ਰਸਿੱਧ ਕਹਾਣੀਕਾਰ ਅਤੇ ਪੰਜਾਬੀ ਲੇਖਕ ਸਭਾ ਦੇ ਸਰਪ੍ਰਸਤ ਡਾ. ਵਰਿਆਮ ਸਿੰਘ ਸੰਧੂ ਨੇ ਕੀਤੀ। ਪ੍ਰਧਾਨਗੀ ਮੰਡਲ ਵਿੱਚ ਮੰਗਤ ਰਾਮ ਪਾਸਲਾ , ਸਤਨਾਮ ਸਿੰਘ ਮਾਣਕ , ਹਰਬੰਸ ਸਿੰਘ ਚੰਦੀ ਡਾ. ਰਘਬੀਰ ਕੌਰ ਅਤੇ ਜਗਦੀਸ਼ ਵਰਿਆਮ ਹੋਰਾਂ ਦੀ ਸਪੁੱਤਰੀ ਡਾ.ਰਜਵੰਤ ਕੌਰ ਸੰਪਾਦਕ "ਵਰਿਆਮ" ਸ਼ਾਮਿਲ ਸਨ। ਸਮਾਗਮ ਦੇ ਕਨਵੀਨਰ ਡਾ.ਲਖਵਿੰਦਰ ਸਿੰਘ ਜੌਹਲ

ਨੇ ਸਵਾਗਤੀ ਭਾਸ਼ਣ ਕਰਦਿਆਂ ਸਮਾਗਮ ਦੀ ਪ੍ਰਸੰਗਕਤਾ ਬਾਰੇ ਦੱਸਿਆ।

ਅਰਤਿੰਦਰ ਕੌਰ ਸੰਧੂ ਦੀ ਸ਼ਖ਼ਸੀਅਤ ਅਤੇ ਉਸ ਦੇ ਕਾਰਜਾਂ ਸੰਬੰਧੀ ਖੋਜ ਪੱਤਰ ਡਾ. ਬਲਜੀਤ ਕੌਰ ਰਿਆੜ ਨੇ ਪੇਸ਼ ਕੀਤਾ । ਪ੍ਰੋ ਕੁਲਜੀਤ ਕੌਰ ਨੇ ਅਰਤਿੰਦਰ ਸੰਧੂ ਬਾਰੇ ਸਨਮਾਨ ਪੱਤਰ ਪੜ੍ਹਿਆ। ਸਨਮਾਨ ਵਿੱਚ ਇੱਕੀ ਹਜ਼ਾਰ ਰੁਪਏ ਨਕਦ,ਸਨਮਾਨ ਚਿੰਨ੍ਹ ਅਤੇ ਪੰਜਾਬੀ ਸੱਭਿਆਚਾਰ ਦੀ ਪ੍ਰਤੀਕ ਫੁੱਲਕਾਰੀ ਭੇਟ ਕੀਤੀ ਗਈ। ਸਮਾਗਮ ਵਿੱਚ ਡਾ. ਸੁਖਵਿੰਦਰ ਸਿੰਘ ਸੰਘਾ, ਪ੍ਰੋਫ਼ੈਸਰ ਮਨਜੀਤ ਸਿੰਘ, ਸੂਬਾ ਹਰਿਭਜਨ ਸਿੰਘ ਲੁਧਿਆਣਾ ਸੁਵਰਨ ਸਿੰਘ ਵਿਰਕ, ਰਾਜ ਖੁਸ਼ਵੰਤ ਸਿੰਘ ਸੰਧੂ ਆਦਿ ਨੇ ਵਿਚਾਰ ਪੇਸ਼ ਕੀਤੇ।

ਡਾਕਟਰ ਵਰਿਆਮ ਸਿੰਘ ਸੰਧੂ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਕਿਹਾ ਕਿ ਸੰਤ ਜਗਦੀਸ਼ ਵਰਿਆਮ ਦਾ ਕਾਰਜ ਵਡਮੁੱਲਾ ਕਾਰਜ ਸੀ । ਨਾਮਧਾਰੀ ਦਰਬਾਰ ਨੇ ਉਹਨਾਂ ਨੂੰ ਬਹੁਤ ਸਾਰੀਆਂ ਸਾਹਿਤਕ ਅਤੇ ਸਮਾਜਿਕ ਜ਼ਿੰਮੇਵਾਰੀਆਂ ਸੌਂਪੀਆਂ ਹੋਈਆਂ ਸਨ । ਉਹਨਾਂ ਦੀ ਇਸ ਸ਼ਖ਼ਸੀਅਤ ਕਾਰਨ ਹੀ "ਵਰਿਆਮ" ਵਰਗਾ ਮੈਗਜ਼ੀਨ ਲਗਾਤਾਰ ਆਪਣਾ ਮਿਆਰ ਬਰਕਰਾਰ ਰੱਖ ਸਕਿਆ। ਸਮਾਗਮ ਵਿੱਚ ਸੰਤ ਜਗਦੀਸ਼ ਸਿੰਘ ਵਰਿਆਮ ਦੀ ਸਪੁੱਤਰੀ ਡਾ. ਰਜਵੰਤ ਕੌਰ ਦਾ ਵਿਸ਼ੇਸ਼ ਯੋਗਦਾਨ ਰਿਹਾ, ਆਪਣੇ ਪਿਤਾ ਨਾਲ ਜੁੜੀਆਂ ਨਿੱਜੀ ਯਾਦਾਂ ਨੂੰ ਆਏ ਹੋਏ ਸਰੋਤਿਆਂ ਨਾਲ ਸਾਂਝਾ ਕੀਤਾ । ਪਹਿਲਾਂ ਹੋਏ




ਕਵੀ ਦਰਬਾਰ ਵਿੱਚ ਸੰਤ ਸਿੰਘ ਸੰਧੂ, ਸੁਰਿੰਦਰ ਮਕਸੂਦਪੁਰੀ , ਜਸਪਾਲ ਜ਼ੀਰਵੀ,ਨਕਾਸ਼ ਜਲੰਧਰੀ, ਸੰਦੀਪ,ਜਗਦੀਸ਼ ਰਾਣਾ ਅਤੇ ਬਲਜੀਤ ਕੌਰ ਬੱਲ ਸ਼ਾਮਿਲ ਸਨ।। ਸਮਾਗਮ ਦਾ ਸੰਚਾਲਨ ਪੰਜਾਬੀ ਲੇਖਕ ਸਭਾ ਜਲੰਧਰ ਦੇ ਜਨਰਲ ਸਕੱਤਰ ਡਾ. ਉਮਿੰਦਰ ਜੌਹਲ ਨੇ ਕੀਤਾ । ਸਮਾਗਮ ਵਿੱਚ ਡਾ.ਸੁਖਪਾਲ ਸਿੰਘ ਥਿੰਦ, ਰਾਕੇਸ਼ ਸ਼ਾਂਤੀਦੂਤ, ਗੁਰਮੀਤ ਸਿੰਘ ਸਕੱਤਰ ਵਿਰਸਾ ਵਿਹਾਰ ਜਲੰਧਰ,ਉੱਘੀ ਅਦਾਕਾਰਾ ਸਿੰਮੀ ਸੇਖੋਂ, ਸੰਤ ਜਗਦੀਸ਼ ਸਿੰਘ ਵਰਿਆਮ ਦੇ ਦਾਮਾਦ ਟੀ. ਐੱਸ ਰਾਣਾ,ਪੱਤਰਕਾਰ ਕੁਲਵੰਤ ਸਿੰਘ ਮਠਾੜੂ, ਜਸਵੀਰ ਸਿੰਘ ਸ਼ਾਇਰ,ਅਮਰਜੀਤ ਸਿੰਘ ਨਿੱਝਰ, "ਪ੍ਰਵਚਨ" ਦੇ ਸੰਪਾਦਕ ਡਾ. ਕੁਲਵੰਤ ਸਿੰਘ ਸੰਧੂ, ਕੁਲਵਿੰਦਰ ਸਿੰਘ ਫੁੱਲ, ਸਤਨਾਮ ਸਿੰਘ,ਚਰਨਜੀਤ ਸਿੰਘ ,ਹਰੀਸ਼ ਅਗਰਵਾਲ, ਇੰਦਰਜੀਤ ਆਰਟਿਸਟ,ਜਸਵੀਰ ਸਿੰਘ ਸੋਢੀ, ਪਾਲ ਸਿੰਘ ਨੌਲੀ, ਚਰਨਜੀਤ ਸਿੰਘ ਜੋਗੀ, ਮਿਹਰਬਾਨ ਸਿੰਘ,ਪਰਮਜੀਤ ਕੌਰ ਜੌਹਲ, ਬਲਦੇਵ ਕਿਸ਼ੋਰ, ਰਾਜਵੰਤ ਕੌਰ ਸੰਧੂ, ਪੱਤਰਕਾਰ ਐੱਮ ਐੱਸ. ਲੋਹੀਆ,ਸੁਕਰਾਂਤ ਸਫ਼ਰੀ, ਰਾਜੇਸ਼ ਥਾਪਾ ਸਮੇਤ ਵੱਡੀ ਗਿਣਤੀ ਵਿੱਚ ਸਾਹਿਤਕਾਰ,ਪੱਤਰਕਾਰ ਅਤੇ ਬੁੱਧੀਜੀਵੀ ਸ਼ਾਮਿਲ ਹੋਏ। ਲੇਖਕ ਸਭਾ ਦੇ ਵਿਤ ਸਕੱਤਰ ਅਤੇ ਸੰਤ ਜਗਦੀਸ਼ ਸਿੰਘ ਵਰਿਆਮ ਦੇ ਛੋਟੇ ਭਰਾ ਸੰਤ ਨਰੈਣ ਸਿੰਘ ਨੇ ਇਸ ਸਮਾਗਮ ਦੀ ਸਫਲਤਾ ਵਿਚ ਵਿਸ਼ੇਸ਼ ਭੂਮਿਕਾ ਨਿਭਾਈ। ਸਮਾਗਮ ਦੇ ਅੰਤ ਤੇ ਲੇਖਕ ਸਭਾ ਦੀ ਪ੍ਰਧਾਨ ਡਾਕਟਰ ਰਘਬੀਰ ਕੌਰ ਨੇ ਆਏ ਹੋਏ ਸਰੋਤਿਆਂ ਦਾ ਧੰਨਵਾਦ ਕੀਤਾ।

## ਸਵੇਰ ਸੁਨੇਹਾ



ਮਨੁੱਖ ਨੇ ਬਹੁਤ ਤਰੱਕੀ ਕੀਤੀ ਹਸਪਤਾਲ ਬਣਾਏ, ਪ੍ਰੰਤੂ ਬੀਮਾਰੀਆਂ ਵਿੱਚ ਵਾਧਾ ਹੋਇਆ। ਉਹ ਵੀ ਛੋਟੇ ਪੈ ਰਹੇ ਹਨ।

ਦੀਵੇ ਦੀ ਲੋਅ ਨਾਲ, ਲੱਕੜਾਂ ਦੀ ਅੱਗ ਨਾਲ ਇਨਸਾਨ ਦੀ ਜ਼ਿੰਦਗੀ ਦੀਆਂ ਦੁਸ਼ਵਾਰੀਆਂ ਪੂਰੀਆਂ ਹੁੰਦੀਆਂ ਸਨ।

ਵਿਕਾਸ ਦੇ ਨਾਂਅ ਥੱਲੇ ਥਰਮਲ ਪਲਾਂਟ, ਗੈਸਾਂ ਦੇ ਭੰਡਾਰ, ਬਿਜਲੀ ਉਪਕਰਣ ਆਏ। ਸਰਕਾਰਾਂ ਨੂੰ ਰਾਤੀ ਬਲੈਕ ਆਊਟ ਕਰਨਾ ਪਿਆ। ਸਾਰੇ ਘਰਾਂ ਵਿੱਚ ਹਨੇਰਾ ਛਾ ਗਿਆ।

ਪ੍ਰੰਤੂ ਬਿੱਜੜਾ ਹੀ ਇੱਕ ਪੰਛੀ ਹੈ ਜਿਸ ਵਰਗਾ ਕੋਈ ਆਲ੍ਹਣਾ (ਘਰ) ਨਹੀਂ ਬਣਾ ਸਕਿਆ।ਨਾ ਹੀ ਉਸ ਦੇ ਦੇ ਘਰ ਵਿੱਚੋਂ ਰੋਸ਼ਨੀ ਅਲੋਪ ਹੁੰਦੀ ਹੈ। ਕਿਉਂਕਿ ਉਹ ਆਪਣੇ ਬੱਚਿਆਂ ਦੀ ਖਾਤਰ ਹਰ ਰੋਜ਼ ਇੱਕ ਜੁਗਨੂੰ ਪਕੜ ਕੇ ਗਿੱਲੀ ਮਿੱਟੀ ਵਿੱਚ ਫਿੱਟ ਕਰ ਰੱਖਦਾ ਹੈ। ਪੰਛੀਆਂ ਤੋਂ ਹੀ ਕੁੱਝ ਸਿੱਖ ਲਵੋ।

ਗੁਰਮੀਤ ਸਿੰਘ ਸਿੱਧੂ ਕਾਨੂੰਗੋ ਫਰੀਦਕੋਟ।
8146593089

## ਜ਼ਿੰਦਗੀ ਬਦਲਣ ਵਾਲੇ ਅਣਮੁੱਲੇ ਵਿਚਾਰ



**ਇੱਲਤ...**

ਉਲਝੀ ਕਬੀਲਦਾਰੀ ਨੂੰ ਸੰਭਾਲਣ 'ਚ ਲੱਗੇ ਮਨੁੱਖ ਨੂੰ ਕਦੀ ਇੱਲਤ ਨਹੀਂ ਸੁੱਝ ਸਕਦੀ। ਵਿਹਲਾ ਮਨ ਹੀ ਸ਼ੈਤਾਨ ਦਾ ਘਰ ਬਣਦੈ॥ ਸਮੇਂ, ਸਥਾਨ ਤੇ ਸੰਗਤ ਪਛਾਣ ਕੇ ਕੀਤੀ ਇੱਲਤ ਕਦੀ ਵੀ ਚੁਭਵੀਂ ਨਹੀਂ ਹੁੰਦੀ। ਚਿੰਤਨ ਚਲਦਾ ਹੀ ਰਹੇ ਤਾਂ ਚੰਗੈ॥ ਬਹੁਸੰਮਤੀ ਵਾਲੀ ਇੱਲਤ ਕਿਸੇ ਦਿਲ ਨੂੰ ਠੇਸ ਨਹੀਂ ਪਚਾਉਂਦੀ ਤਾਂ ਹੀ ਅਜਿਹੀ ਇੱਲਤ ਮਨੋਰੰਜਨ ਦਾ ਸਾਧਨ ਬਣ ਹੀ ਜਾਂਦੀ ਹੈ॥

**ਲੱਤ...**

ਇੱਕ ਮੈਂਬਰ ਨੂੰ ਵੀ ਲੱਗੀ ਨਸ਼ੇ ਦੀ ਲੱਤ ਪੂਰੇ ਟੱਬਰ ਨੂੰ ਬਰਬਾਦੀ ਦੇ ਰਾਹ ਤੋਰ ਦਿੰਦੀ ਹੈ। ਸਭ ਪਾਸੇ ਨਮੋਸ਼ੀ ਦਾ ਆਲਮ ਬਣ ਜਾਂਦੈ॥ ਲੈਣ ਦੇਣ ਬਣਿਆ ਆਇਐ। ਸਭ ਕੁੱਝ ਹੁੰਦੇ ਸੁੰਦੇ ਲੱਤ ਚੱਕਣ ਦੀ ਆਦਤ ਬੇਇੱਜ਼ਤੀ ਕਰਵਾਉਂਦੀ ਹੈ ਅਤੇ ਬੰਦਾ ਇਕੱਲਾ ਪੈ ਜਾਂਦੈ॥ ਪਰਿਵਾਰ ਮੋਹ ਦੀ ਲੱਤ 'ਚ ਗਲਤਾਨ ਵਿਅਕਤੀ ਅਖੀਰਲੇ ਵਕਤ ਅਕਸਰ ਪਛਤਾਵੇ ਦੇ ਆਲਮ 'ਚ ਪਹੁੰਚ ਹੀ ਜਾਂਦੈ। ਆਨੰਦਿਤ ਰਹਿਣੈ ਤਾਂ ਸੰਤੁਲਿਤ ਜ਼ਿੰਦਗੀ ਜੀਵੋ। ਨਸ਼ਟੋ ਮੂੰਹਾਂ ਬਣੋ॥

ਦਰਸ਼ਨ ਸਿੰਘ ਬਰੇਟਾ
ਪ੍ਰਿੰਸੀਪਲ/ਜਿਲਾ ਆਰ. ਕਮਿਸ਼ਨਰ ਮਾਨਸਾ।

**ਅਦਾਰਾ ਸੀ 7 ਨਿਊਜ਼ ਵਿੱਚ ਲੇਖਕਾਂ ਦੁਆਰਾ ਲਗਵਾਈਆਂ ਜਾਂਦੀਆਂ ਕਵਿਤਾਵਾਂ, ਕਹਾਣੀਆਂ, ਲੇਖ ਆਦਿ ਲੇਖਕਾਂ ਦੇ ਨਿੱਜੀ ਵਿਚਾਰ ਹਨ ਇਸਦੇ ਨਾਲ ਅਦਾਰਾ ਸੀ 7 ਨਿਊਜ਼ ਦੇ ਐਡੀਟਰ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ**

## ਤਰਨ ਤਾਰਨ ਵਿੱਚ ਮੁਲਾਜ਼ਮ ਤੇ ਪੈਨਸ਼ਨਰ ਫਰੰਟ ਦੀ ਅਹਿਮ ਮੀਟਿੰਗ, 1 ਨੂੰ ਮਈ ਡੇ ਮਨਾਉਣ ਤੇ 17 ਮਈ ਜਲੰਧਰ ਕਨਵੈਨਸ਼ਨ ਲਈ ਸੱਦਾ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 27 ਅਪ੍ਰੈਲ ।**

ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰ ਸਾਂਝਾ ਫਰੰਟ ਜ਼ਿਲ੍ਹਾ ਤਰਨ ਤਾਰਨ ਦੀ ਇੱਕ ਮਹੱਤਵਪੂਰਨ ਮੀਟਿੰਗ ਅਜੀਤ ਸਿੰਘ ਫਤਿਹਚੱਕ ਦੀ ਪ੍ਰਧਾਨਗੀ ਹੇਠ ਸਥਾਨਕ ਗਾਂਧੀ ਪਾਰਕ ਵਿੱਚ ਆਯੋਜਿਤ ਕੀਤੀ ਗਈ। ਸੂਬਾ ਕਮੇਟੀ ਦੇ ਫੈਸਲਿਆਂ ਅਨੁਸਾਰ ਹੋਈ ਇਸ ਮੀਟਿੰਗ ਵਿੱਚ ਵੱਖ-ਵੱਖ ਜਥੇਬੰਦੀਆਂ ਦੇ ਆਗੂਆਂ ਨੇ ਭਰਵੀਂ ਹਾਜ਼ਰੀ ਭਰੀ।

ਮੀਟਿੰਗ ਵਿੱਚ ਸਾਂਝਾ ਫਰੰਟ ਦੇ ਸੂਬਾ ਕਨਵੀਨਰ ਬਾਜ ਸਿੰਘ ਖਹਿਰਾ ਅਤੇ ਗੁਰਪ੍ਰੀਤ ਸਿੰਘ ਗੰਡੀਵਿੰਡ ਨੇ ਖਾਸ ਤੌਰ 'ਤੇ ਸ਼ਿਰਕਤ ਕਰਦੇ ਹੋਏ ਸੂਬਾ ਪੱਧਰੀ ਫੈਸਲਿਆਂ ਬਾਰੇ ਜਾਣਕਾਰੀ ਦਿੱਤੀ। ਆਗੂਆਂ ਨੇ ਮਾਰਚ ਮਹੀਨੇ ਦੌਰਾਨ ਚੰਡੀਗੜ੍ਹ ਵਿੱਚ ਕੀਤੇ ਗਏ ਚਾਰ ਦਿਨਾਂ ਸੰਘਰਸ਼ ਦਾ ਜਾਇਜ਼ਾ ਲੈਂਦਿਆਂ ਕੁਝ ਕਮਜ਼ੋਰੀਆਂ ਵੱਲ ਵੀ ਧਿਆਨ ਦਿਵਾਇਆ ਅਤੇ ਭਵਿੱਖ ਵਿੱਚ ਹੋਰ ਮਜ਼ਬੂਤ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ।

ਇਸ ਮੌਕੇ 4 ਅਪ੍ਰੈਲ ਨੂੰ ਲੁਧਿਆਣਾ ਵਿੱਚ ਹੋਈ ਸੂਬਾ ਮੀਟਿੰਗ ਦੀ ਰਿਪੋਰਟ ਪੇਸ਼ ਕੀਤੀ ਗਈ, ਜਿਸਦੇ ਫੈਸਲਿਆਂ ਨੂੰ ਜ਼ਿਲ੍ਹਾ ਪੱਧਰ 'ਤੇ ਲਾਗੂ ਕਰਨ ਲਈ ਆਗੂਆਂ ਨੇ ਵਚਨਬੱਧਤਾ ਜਤਾਈ।

ਮੀਟਿੰਗ ਵਿੱਚ ਫੈਸਲਾ ਕੀਤਾ ਗਿਆ ਕਿ 1 ਮਈ ਨੂੰ ਮਜ਼ਦੂਰ ਦਿਹਾੜੇ ਮੌਕੇ ਸਵੇਰੇ 11 ਵਜੇ ਗਾਂਧੀ ਪਾਰਕ ਵਿੱਚ ਇਕੱਠੇ ਹੋ ਕੇ ਕੇਂਦਰ ਦੀ ਮੋਦੀ ਸਰਕਾਰ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਖ਼ਿਲਾਫ਼ ਐਸ.ਡੀ.ਐਮ. ਦਫ਼ਤਰ ਤੱਕ ਰੋਸ ਮਾਰਚ ਕੀਤਾ ਜਾਵੇਗਾ। ਇਸ ਮੌਕੇ ਸਭ ਜਥੇਬੰਦੀਆਂ ਨੂੰ ਵੱਡੀ ਗਿਣਤੀ ਵਿੱਚ ਝੰਡਿਆਂ ਅਤੇ ਨਾਅਰਿਆਂ ਸਮੇਤ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਗਿਆ।

ਇਸ ਤੋਂ ਇਲਾਵਾ 17 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿੱਚ ਹੋਣ ਵਾਲੀ ਸੂਬਾ ਪੱਧਰੀ ਸਾਂਝੀ ਕਨਵੈਨਸ਼ਨ ਵਿੱਚ ਭਰਵੀਂ ਹਾਜ਼ਰੀ ਯਕੀਨੀ ਬਣਾਉਣ ਲਈ ਵੀ ਜਥੇਬੰਦੀਆਂ ਨੂੰ ਅਪੀਲ ਕੀਤੀ ਗਈ।

ਮੀਟਿੰਗ ਵਿੱਚ ਗੁਰਭੇਜ ਸਿੰਘ ਢਿੱਲੋਂ, ਅਮਰੀਕ ਸਿੰਘ ਕੰਗ, ਬਲਦੇਵ ਸਿੰਘ, ਲਖਬੀਰ ਸਿੰਘ ਸੰਧੂ, ਲਖਵਿੰਦਰ ਸਿੰਘ ਬਹਿਲਾ, ਸੁਖਦੇਵ ਸਿੰਘ, ਸਤਪਾਲ ਸ਼ਰਮਾ, ਜਗਤਾਰ ਸਿੰਘ ਆਸਲ, ਬਲਜਿੰਦਰ ਸਿੰਘ ਦੋਬਲੀਆਂ, ਦਵਿੰਦਰ ਸਿੰਘ, ਲਖਬੀਰ ਸਿੰਘ ਰੈਸ਼ੀਆਣਾ, ਨਰਿੰਦਰ ਬੇਦੀ, ਸਵਰਨ ਸਿੰਘ ਕੁਹਾੜਕਾ, ਕਰਨਬੀਰ ਸਿੰਘ ਭੁੱਲਰ, ਰਤਨ ਸਿੰਘ ਵੈਂਈਪੂਈ ਆਦਿ ਆਗੂ ਹਾਜ਼ਰ ਸਨ।

ਇਸ ਮੀਟਿੰਗ ਰਾਹੀਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਆਪਣੇ ਹੱਕਾਂ ਲਈ ਇਕਜੁੱਟ ਹੋ ਕੇ ਸੰਘਰਸ਼ ਜਾਰੀ ਰੱਖਣ ਦਾ ਸੰਕਲਪ ਦੋਹਰਾਇਆ।

## ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਣੀ ਬਜ਼ੁਰਗਾਂ ਲਈ ਵਰਦਾਨ, ਤਰਨਤਾਰਨ ਤੋਂ 50 ਯਾਤਰੀਆਂ ਦਾ ਜੱਥਾ ਰਵਾਨਾ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 27 ਅਪ੍ਰੈਲ ।**

ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਬਜ਼ੁਰਗਾਂ ਲਈ ਬਹੁਤ ਲਾਹੇਵੰਦ ਸਾਬਤ ਹੋ ਰਹੀ ਹੈ। ਇਸ ਯੋਜਨਾ ਨਾਲ ਉਹ ਲੋਕ ਵੀ ਤੀਰਥ ਅਸਥਾਨਾਂ ਦੇ ਦਰਸ਼ਨ ਕਰ ਰਹੇ ਹਨ, ਜੋ ਪਹਿਲਾਂ ਆਰਥਿਕ ਤੰਗੀ ਕਾਰਨ ਇਹ ਸਹੂਲਤ ਨਹੀਂ ਲੈ ਸਕਦੇ ਸਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਆਗੂ ਜਸਕਰਨ ਸਿੰਘ ਗਿੱਲ ਅਤੇ ਮੈਡਮ ਨਵਜੋਤ ਕੌਰ ਹੁੰਦਾਲ ਨੇ ਤਰਨਤਾਰਨ ਦੇ ਵਾਰਡ ਨੰਬਰ 3 ਅਤੇ 4 ਵਿੱਚ ਤੀਰਥ ਯਾਤਰੀਆਂ ਦੀ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕਰਨ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ।

ਉਨ੍ਹਾਂ ਦੱਸਿਆ ਕਿ ਇਸ ਯੋਜਨਾ ਤਹਿਤ ਕਰੀਬ 50 ਯਾਤਰੀਆਂ ਦਾ ਜੱਥਾ ਸ੍ਰੀ ਆਨੰਦਪੁਰ ਸਾਹਿਬ ਅਤੇ ਮਾਤਾ ਨੈਨਾ ਦੇਵੀ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ ਹੈ। ਇਹ ਤਿੰਨ ਦਿਨਾਂ ਦੀ ਯਾਤਰਾ ਦੌਰਾਨ ਯਾਤਰੀਆਂ ਲਈ ਰਹਿਣ ਅਤੇ ਖਾਣ-ਪੀਣ ਦਾ ਪੂਰਾ ਪ੍ਰਬੰਧ ਪੰਜਾਬ ਸਰਕਾਰ ਵੱਲੋਂ ਮੁਫ਼ਤ ਕੀਤਾ ਗਿਆ ਹੈ।

ਉਨ੍ਹਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸਰਕਾਰ ਲੋਕ ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰ ਰਹੀ ਹੈ, ਜਿਸ ਦਾ ਸਿੱਧਾ ਲਾਭ ਆਮ ਲੋਕਾਂ ਨੂੰ ਮਿਲ ਰਿਹਾ ਹੈ। ਯਾਤਰੀਆਂ ਵੱਲੋਂ ਵੀ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ ਜਾ ਰਹੀ ਹੈ।

ਇਸ ਮੌਕੇ ਮੈਡਮ ਅੰਜੂ ਵਰਮਾ, ਜ਼ਿਲ੍ਹਾ ਪ੍ਰਧਾਨ ਮੇਲ ਵਿੰਗ ਪ੍ਰਭਦੀਪ ਸਿੰਘ ਜੱਗੀ, ਰਾਜਵੀਰ ਸਿੰਘ ਰਾਜਾ, ਵਿੱਕੀ ਟੇਲਰ, ਅੰਗਰੇਜ਼ ਸਿੰਘ, ਜਸਬੀਰ ਸਿੰਘ ਨੰਬਰਦਾਰ, ਬਿੱਲਾ ਸਿਲੰਡਰਾਂ ਵਾਲਾ ਅਤੇ ਹੋਰ ਸਾਥੀ ਵੀ ਹਾਜ਼ਰ ਸਨ।

**Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ**
**9463661542, cee7news@gmail.com**

## ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ ਨੇ ਨੌਨਿਹਾਲ ਸਿੰਘ ਨਾਲ ਕੀਤਾ ਦੁੱਖ ਸਾਂਝਾ।



**ਚੋਹਲਾ ਸਾਹਿਬ 27 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) ।**

ਬੀਤੇ ਦਿਨੀਂ ਨੌਨਿਹਾਲ ਸਿੰਘ ਪੰਜਾਬ ਪਾਇਪ ਸਟੋਰ ਵਾਲਿਆਂ ਦੀ ਧਰਮਪਤਨੀ ਸ੍ਰੀਮਤੀ ਸ਼ਰਨਜੀਤ ਕੌਰ ਦਾ ਅਚਾਨਕ ਦਿਹਾਂਤ ਹੋ ਗਿਆ ਜਿਸ ਤੇ ਇਲਾਕੇ ਵਿੱਚ ਸੋਗ ਦੀ ਲਹਿਰ ਦੌੜ ਗਈ।ਇਸ ਸਮੇਂ ਨੌਨਿਹਾਲ ਸਿੰਘ ਅਤੇ ਉਸਦੇ ਪਰਿਵਾਰਕ ਮੈਂਬਰਾਂ ਨਾਲ ਦੁੱਖ ਸਾਂਝਾ ਕਰਨ ਵਾਸਤੇ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਦੇ ਸਾਬਕਾ ਵਿਧਾਇਕ ਰਵਿੰਦਰ ਸਿੰਘ ਬ੍ਰਹਮਪੁਰਾ,ਸਰਪੰਚ ਅਮਰੀਕ ਸਿੰਘ ਚੋਹਲਾ ਸਾਹਿਬ,ਡਾਇਰੈਕਟਰ ਬਲਬੀਰ ਸਿੰਘ ਬੱਲੀ,ਪ੍ਰਧਾਨ ਦਿਲਬਰ ਸਿੰਘ,ਪ੍ਰਧਾਨ ਬੀ ਸੀ ਸੈੱਲ ਮਨਜਿੰਦਰ ਸਿੰਘ ਲਾਟੀ,ਡਾਕਟਰ ਜਤਿੰਦਰ ਸਿੰਘ ਮੈਡੀਕਲ ਸਟੋਰ ਵਾਲੇ,ਅਵਤਾਰ ਸਿੰਘ ਰੈਂਮਡ ਵਾਲੇ,ਗੁਰਦੇਵ ਸਿੰਘਪ੍ਰਧਾਨ,ਦਿਲਬੀਰ ਸਿੰਘ ਸਰਪੰਚ,ਰਣਜੀਤ ਸਿੰਘ ਕਵੀਸ਼ਰ,ਸੁਖਦੇਵ ਸਿੰਘ ਆੜ੍ਹਤੀਆ,ਮਨਜਿੰਦਰ ਸਿੰਘ ਕਾਕੂ ਪੀਏ ਆਦਿ ਵੱਲੋਂ ਦੁੱਖ ਸਾਂਝਾ ਕੀਤਾ ਗਿਆ।

## ਬਿਜਲੀ ਕੱਟਾਂ ਨਾਲ ਭੜਕ ਰਹੀ ਭੀੜ, ਗਰਿੱਡਾਂ 'ਤੇ ਮੁਲਾਜ਼ਮਾਂ ਦੀ ਸੁਰੱਖਿਆ ਲਈ ਪੁਲੀਸ ਤਾਇਨਾਤੀ ਦੀ ਮੰਗ ਤੇਜ



**ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨ ਤਾਰਨ, 27 ਅਪ੍ਰੈਲ ।**

ਗਰਮੀ ਦੇ ਮੌਸਮ ਵਿੱਚ ਵਧ ਰਹੀ ਬਿਜਲੀ ਦੀ ਮੰਗ ਅਤੇ ਲੱਗ ਰਹੇ ਲੰਮੇ ਕੱਟਾਂ ਕਾਰਨ ਲੋਕਾਂ ਵਿੱਚ ਭਾਰੀ ਨਾਰਾਜ਼ਗੀ ਪੈਦਾ ਹੋ ਰਹੀ ਹੈ, ਜਿਸਦਾ ਸਿੱਧਾ ਅਸਰ ਗਰਿੱਡਾਂ 'ਤੇ ਡਿਊਟੀ ਕਰ ਰਹੇ ਬਿਜਲੀ ਮੁਲਾਜ਼ਮਾਂ 'ਤੇ ਪੈ ਰਿਹਾ ਹੈ। ਇਸ ਗੰਭੀਰ ਸਥਿਤੀ ਨੂੰ ਦੇਖਦਿਆਂ ਬਿਜਲੀ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੀਆਂ ਸਾਂਝੀਆਂ ਜਥੇਬੰਦੀਆਂ ਨੇ ਗਰਿੱਡਾਂ 'ਤੇ ਪੁਲੀਸ ਤਾਇਨਾਤ ਕਰਨ ਦੀ ਮੰਗ ਉਠਾਈ ਹੈ।

ਪੀਐਸਈਬੀ ਇੰਪਲਾਈਜ਼ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਐਸੋਸੀਏਸ਼ਨ ਆਫ਼ ਜੂਨੀਅਰ ਇੰਜੀਨੀਅਰ, ਗਰਿੱਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ (ਰਜਿ. 24), ਪਾਵਰਕਾਮ ਅਤੇ ਟ੍ਰਾਂਸਕੋ ਪੈਨਸ਼ਨਰਜ਼ ਯੂਨੀਅਨ ਅਤੇ ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਦੇ ਆਗੂ ਕੁਲਵਿੰਦਰ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਗੰਡੀਵਿੰਡ, ਹਰਪਾਲ ਸਿੰਘ, ਗੁਰਵੇਲ ਸਿੰਘ ਬੱਲਪੁਰੀਆ, ਗੁਰਭੇਜ ਸਿੰਘ ਢਿੱਲੋਂ, ਰਵੇਲ ਸਿੰਘ ਸਹਾਏਪੁਰ, ਦਵਿੰਦਰ ਸਿੰਘ ਪਿਸੋਰ, ਰਾਧੇਸ਼ਿਆਮ, ਕੌਰ ਸਿੰਘ ਸੋਹੀ, ਬਲਜੀਤ ਸਿੰਘ ਮੋਦਲਾ, ਜਸਵੀਰ ਸਿੰਘ ਆਂਡਲੂ, ਰਣਜੀਤ ਸਿੰਘ ਢਿੱਲੋਂ, ਬਾਬਾ ਅਮਰਜੀਤ ਸਿੰਘ, ਦਲੀਪ ਕੁਮਾਰ ਅਤੇ ਪਵਨਪ੍ਰੀਤ ਸਿੰਘ ਆਦਿ ਨੇ ਮੁੱਖ ਮੰਤਰੀ ਪੰਜਾਬ, ਬਿਜਲੀ ਮੰਤਰੀ ਅਤੇ ਅਦਾਰੇ ਦੇ ਸੀਐਮਡੀ ਨੂੰ ਪੱਤਰ ਲਿਖ ਕੇ ਮਾਮਲੇ ਦੀ ਗੰਭੀਰਤਾ ਵੱਲ ਧਿਆਨ ਦਿਵਾਇਆ ਹੈ।

ਆਗੂਆਂ ਨੇ ਦੱਸਿਆ ਕਿ ਬਿਜਲੀ ਕੱਟਾਂ ਤੋਂ ਤੰਗ ਆਏ ਖਪਤਕਾਰ ਕਈ ਵਾਰ ਭੀੜ ਦੇ ਰੂਪ ਵਿੱਚ ਗਰਿੱਡਾਂ 'ਤੇ ਇਕੱਠੇ ਹੋ ਜਾਂਦੇ ਹਨ ਅਤੇ ਉੱਥੇ ਡਿਊਟੀ ਕਰ ਰਹੇ ਇਕੱਲੇ ਕਰਮਚਾਰੀ ਨਾਲ ਦੁਰਵਿਹਾਰ ਕਰਦੇ ਹਨ। ਇੱਥੋਂ ਤੱਕ ਕਿ ਕੁਝ ਮਾਮਲਿਆਂ ਵਿੱਚ ਬਿਜਲੀ ਸਪਲਾਈ ਨੂੰ ਜਬਰਦਸਤੀ ਚਾਲੂ ਕਰਵਾਉਣ ਦੀ ਕੋਸ਼ਿਸ਼ ਅਤੇ ਕੀਮਤੀ ਸਾਜੋ-ਸਮਾਨ ਦੀ ਭੰਨ-ਤੋੜ ਵੀ ਕੀਤੀ ਜਾ ਰਹੀ ਹੈ, ਜੋ ਕਿ ਚਿੰਤਾਜਨਕ ਹੈ।

ਉਨ੍ਹਾਂ ਨੇ ਕਿਹਾ ਕਿ ਗਰਿੱਡਾਂ 'ਤੇ ਰਾਤ ਸਮੇਂ ਅਕਸਰ ਇਕੱਲਾ ਕਰਮਚਾਰੀ ਹੀ ਤਾਇਨਾਤ ਹੁੰਦਾ ਹੈ, ਜਿਸ ਕਰਕੇ ਉਸਦੀ ਸੁਰੱਖਿਆ ਖਤਰੇ ਵਿੱਚ ਪੈ ਜਾਂਦੀ ਹੈ। ਇਸ ਸਥਿਤੀ ਨੂੰ ਦੇਖਦਿਆਂ ਜਥੇਬੰਦੀਆਂ ਨੇ ਮੰਗ ਕੀਤੀ ਹੈ ਕਿ ਤੁਰੰਤ ਪ੍ਰਭਾਵ ਨਾਲ ਗਰਿੱਡਾਂ ਅਤੇ ਬਿਜਲੀ ਘਰਾਂ 'ਤੇ ਪੁਲੀਸ ਤਾਇਨਾਤ ਕੀਤੀ ਜਾਵੇ, ਤਾਂ ਜੋ ਕਿਸੇ ਵੀ ਅਣਸੁਖਾਵੀ ਘਟਨਾ ਤੋਂ ਬਚਿਆ ਜਾ ਸਕੇ।

ਇਸਦੇ ਨਾਲ ਹੀ ਜਥੇਬੰਦੀਆਂ ਨੇ ਪਾਵਰ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਹੈ ਕਿ ਗਰਿੱਡਾਂ 'ਤੇ ਕਰਮਚਾਰੀਆਂ ਦੀ ਘਾਟ ਨੂੰ ਤੁਰੰਤ ਪੂਰਾ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਮਨਜ਼ੂਰਸ਼ੁਦਾ 7778 ਅਸਾਮੀਆਂ ਵਿੱਚੋਂ ਲਗਭਗ 4630 ਅਸਾਮੀਆਂ ਖਾਲੀ ਹਨ ਅਤੇ ਸਿਰਫ਼ 3148 ਕਰਮਚਾਰੀ ਹੀ ਡਿਊਟੀ ਨਿਭਾ ਰਹੇ ਹਨ, ਜਿਸ ਕਾਰਨ ਮੁਲਾਜ਼ਮਾਂ 'ਤੇ ਕੰਮ ਦਾ ਬੋਝ ਵੱਧ ਰਿਹਾ ਹੈ ਅਤੇ ਉਹਨਾਂ ਨੂੰ ਖਤਰਨਾਕ ਹਾਲਾਤਾਂ ਵਿੱਚ ਡਿਊਟੀ ਕਰਨੀ ਪੈਂਦੀ ਹੈ।

ਆਗੂਆਂ ਨੇ ਤਿੱਖੇ ਲਹਿਜ਼ੇ ਵਿੱਚ ਕਿਹਾ ਕਿ ਮੌਜੂਦਾ ਹਾਲਾਤਾਂ ਤੋਂ ਸਰਕਾਰ ਅਤੇ ਮੈਨੇਜਮੈਂਟ ਬੇਖਬਰ ਬਣੀ ਹੋਈ ਹੈ ਅਤੇ ਕੋਈ ਢੁੱਕਵਾਂ ਕਦਮ ਨਹੀਂ ਚੁੱਕਿਆ ਜਾ ਰਿਹਾ।

ਅੰਤ ਵਿੱਚ ਉਨ੍ਹਾਂ ਨੇ ਚੇਤਾਵਨੀ ਦਿੱਤੀ ਕਿ ਜੇਕਰ ਗਰਿੱਡਾਂ 'ਤੇ ਤਾਇਨਾਤ ਕਿਸੇ ਵੀ ਕਰਮਚਾਰੀ ਨਾਲ ਕੋਈ ਅਣਸੁਖਾਵੀ ਘਟਨਾ ਵਾਪਰਦੀ ਹੈ, ਤਾਂ ਇਸਦੀ ਪੂਰੀ ਜ਼ਿੰਮੇਵਾਰੀ ਮੈਨੇਜਮੈਂਟ ਦੀ ਹੋਵੇਗੀ।

**ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ**
ਸਰਹਾਲੀ, ਜ਼ਿਲ੍ਹਾ : ਤਰਨ ਤਾਰਨ (ਪੰਜਾਬ) 143410
Website : ggskcsarhali.ac.in E-mail : ggscollegesarhali@yahoo.co.in
ਸਰਹਾਲੀ ESTD. 1970
For Free Registration : Scan QR Code using WhatsApp Camera
ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਤਾਰਾ ਸਿੰਘ ਜੀ ਨੇ ਵਿੱਦਿਆ ਦਾ ਚਾਨਣ ਘਰ-ਘਰ ਪਹੁੰਚਾਉਣ ਲਈ ਇਸ ਕਾਲਜ ਦੀ ਸਥਾਪਨਾ 1970 ਵਿਚ ਇਲਾਕਾ ਨਿਵਾਸੀਆਂ ਦੇ ਸਹਿਯੋਗ ਨਾਲ ਕੀਤੀ ਸੀ। ਉਹਨਾਂ ਤੋਂ ਬਾਅਦ ਸ੍ਰੀ ਮਾਨ ਮਹਾਂਪੁਰਖ ਸੰਤ ਬਾਬਾ ਚਰਨ ਸਿੰਘ ਜੀ ਇਸ ਕਾਲਜ ਦੇ ਸਰਪ੍ਰਸਤ ਬਣੇ। ਮੌਜੂਦਾ ਸਰਪ੍ਰਸਤ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ ਕਾਲਜ ਵਿੱਚ ਪੋਸਟ-ਗ੍ਰੈਜੂਏਟ ਪੱਧਰ ਤੱਕ ਦੇ ਕੋਰਸ ਚੱਲ ਰਹੇ ਹਨ। ਇਹ ਕਾਲਜ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਪਟਿਆਲਾ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ, ਐਸ.ਏ.ਐਸ. ਨਗਰ, ਪੰਜਾਬ ਤੋਂ ਮਾਨਤਾ ਪ੍ਰਾਪਤ ਗ੍ਰਾਂਟ-ਇਨ-ਏਡ-ਸਕੀਮ ਅਧੀਨ ਪੰਜਾਬ ਸਰਕਾਰ ਅਤੇ ਯੂ.ਜੀ.ਸੀ (ਭਾਰਤ ਸਰਕਾਰ) ਤੋਂ ਸਹਾਇਤਾ ਪ੍ਰਾਪਤ ਕੋ-ਐਜੂਕੇਸ਼ਨਲ ਕਾਲਜ ਹੈ।

# ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਦਾ ਇੰਚਾਰਜ ਲਗਾਉਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ : ਸ਼ੇਰਦਿਲ, ਟੋਨੀ




ਚੋਹਲਾ ਸਾਹਿਬ 27 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਸ੍ਰੋਮਣੀ ਅਕਾਲ ਦਲ ਬਾਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਸਰਪੰਚ ਅਵਤਾਰ ਸਿੰਘ ਬਿੱਲ ਸ਼ੇਰੋ ਦੀ ਧਰਮਪਤਨੀ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਸਰਹਾਲੀ ਤੋਂ ਨੌਜਵਾਨ ਆਗੂ ਅੰਗਰੇਜ਼ ਸਿੰਘ ਸ਼ੇਰਦਿਲ ਸਰਹਾਲੀ ਅਤੇ ਜੰਗਸ਼ੇਰ ਸਿੰਘ ਟੋਨੀ ਸਰਪੰਚ ਰੂੜੀਵਾਲਾ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ।ਸ਼ੇਰਦਿਲ ਅਤੇ ਟੋਨੀ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਹਮੇਸ਼ਾਂ ਮਹਿਲਾਵਾਂ ਨੂੰ ਮਾਨ ਸਤਿਕਾਰ ਦਿੱਤਾ ਹੈ ਅਤੇ ਖਾਸ ਕਰਕੇ ਪਾਰਟੀ ਵਿੱਚ ਮਹਿਲਾਵਾਂ ਨੂੰ ਵਿਸ਼ੇਸ਼ ਜਗਾ ਦੇ ਕੇ ਨਿਵਾਜਿਆ ਹੈ ਜਿਸ ਨਾਲ ਮਹਿਲਾਵਾਂ ਦਾ ਰੁਤਬਾ ਸਮਾਜ ਵਿੱਚ ਉੱਚਾ ਹੋਇਆ ਹੈ।ਉਹਨਾਂ ਕਿਹਾ ਕਿ ਇਸਦੀ ਤਾਜਾ ਮਿਸਾਲ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸੋ੍ਰਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੋਂ ਮਿਲਦੀ ਹੈ।ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਦੀ ਵੱਡੀ ਜਿੰਮੇਵਾਰੀ ਸੌਂਪੀ ਹੈ ਜਿਸਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਬੀਬੀ ਰਮਨਦੀਪ ਕੌਰ ਖਹਿਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਰਟੀ ਵੱਲੋਂ ਜਿਹੜੀ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਇਸ ਨੂੰ ਨਿਭਾਉਣਗੇ।ਉਹਨਾਂ ਅਪੀਲ ਕੀਤੀ ਲੋਕ ਵੱਧ ਤੋਂ ਵੱਧ ਪਾਰਟੀ ਦਾ ਸਾਥ ਦੇਣ।

# ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਮਹਿਲਾਵਾਂ ਨੂੰ ਹਮੇਸ਼ਾਂ ਪਾਰਟੀ ਵਿੱਚ ਉੱਚਾ ਦਰਜਾ ਦਿੱਤਾ ਹੈ : ਰਾਜਪੂਤ



ਚੋਹਲਾ ਸਾਹਿਬ 27 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਸ੍ਰੋਮਣੀ ਅਕਾਲ ਦਲ ਬਾਦਲ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਤੇ ਦਿਨੀਂ ਸਰਪੰਚ ਅਵਤਾਰ ਸਿੰਘ ਬਿੱਲ ਸ਼ੇਰੋ ਦੀ ਧਰਮਪਤਨੀ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਦੇ ਜੀਓਬਾਲਾ ਤੋਂ ਨੌਜਵਾਨ ਆਗੂ ਜਰਨੈਲ ਸਿੰਘ ਰਾਜਪੂਤ ਜੀਓਬਾਲਾ,ਸੁਖਜੀਤ ਸਿੰਘ ਢਿਲੋਂ ਜੀਓਬਾਲਾ,ਬਲਦੇਵ ਸਿੰਘ ਮੈਂਬਰ ਪੰਚਾਇਤ ਜੀਓਬਾਲਾ ਅਤੇ ਜ਼ਸਬੀਰ ਸਿੰਘ ਜੀਓਬਾਲਾ ਨੇ ਪੱਤਰਕਾਰਾਂ ਨਾਲ ਗਲਬਾਤ ਦੌਰਾਨ ਕੀਤਾ।ਇਹਨਾਂ ਨੇ ਸਾਂਝੇ ਰੂਪ ਵਿੱਚ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਨੇ ਹਮੇਸ਼ਾਂ ਮਹਿਲਾਵਾਂ ਨੂੰ ਮਾਨ ਸਤਿਕਾਰ ਦਿੱਤਾ ਹੈ ਅਤੇ ਖਾਸ ਕਰਕੇ ਪਾਰਟੀ ਵਿੱਚ ਮਹਿਲਾਵਾਂ ਨੂੰ ਵਿਸ਼ੇਸ਼ ਜਗਾ ਦੇ ਕੇ ਨਿਵਾਜਿਆ ਹੈ ਜਿਸ ਨਾਲ ਮਹਿਲਾਵਾਂ ਦਾ ਰੁਤਬਾ ਸਮਾਜ ਵਿੱਚ ਉੱਚਾ ਹੋਇਆ ਹੈ।ਉਹਨਾਂ ਕਿਹਾ ਕਿ ਇਸਦੀ ਤਾਜਾ ਮਿਸਾਲ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਤੋਂ ਸੋ੍ਰਮਣੀ ਅਕਾਲੀ ਦਲ ਬਾਦਲ ਪਾਰਟੀ ਦਾ ਇੰਚਾਰਜ ਲਗਾਉਣ ਤੋਂ ਮਿਲਦੀ ਹੈ।ਉਹਨਾਂ ਕਿਹਾ ਕਿ ਸ੍ਰੋਮਣੀ ਅਕਾਲੀ ਦਲ ਬਾਦਲ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਬੀਬੀ ਰਮਨਦੀਪ ਕੌਰ ਖਹਿਰਾ ਨੂੰ ਹਲਕਾ ਖਡੂਰ ਸਾਹਿਬ ਦੀ ਵੱਡੀ ਜਿੰਮੇਵਾਰੀ ਸੌਂਪੀ ਹੈ ਜਿਸਤੇ ਪੂਰੇ ਇਲਾਕੇ ਵਿੱਚ ਖੁਸ਼ੀ ਦੀ ਲਹਿਰ ਹੈ। ਬੀਬੀ ਰਮਨਦੀਪ ਕੌਰ ਖਹਿਰਾ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਪਾਰਟੀ ਵੱਲੋਂ ਜਿਹੜੀ ਜਿੰਮੇਵਾਰੀ ਉਹਨਾਂ ਨੂੰ ਦਿੱਤੀ ਗਈ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਇਸ ਨੂੰ ਨਿਭਾਉਣਗੇ।ਉਹਨਾਂ ਅਪੀਲ ਕੀਤੀ ਲੋਕ ਵੱਧ ਤੋਂ ਵੱਧ ਪਾਰਟੀ ਦਾ ਸਾਥ ਦੇਣ।ਇਸ ਸਮੇਂ ਜਰਨੈਲ ਸਿੰਘ ਰਾਜਪੂਤ ਨੇ ਕਿਹਾ ਕਿ ਉਹ ਹਮੇਸ਼ਾਂ ਪਾਰਟ ਨਾਲ ਚਟਾਨ ਵਾਂਗ ਖੜ੍ਹੇ ਹਨ ਅਤੇ ਪਾਰਟੀ ਦੀ ਭਲਾਈ ਲਈ ਰਾਤ ਦਿਨ ਇੱਕ ਕਰਦੇ ਰਹਿਣਗੇ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਲੋਂ ਗੁ. ਨਾਨਕਸ਼ਾਹੀ ਢਾਕਾ ਵਿਖੇ ਖਾਲਸਾ ਸਾਜਨਾ ਦਿਵਸ ਮਨਾਇਆ



ਚੋਹਲਾ ਸਾਹਿਬ 27 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ) |

ਸੰਪਰਦਾਇ ਕਾਰ ਸੇਵਾ ਸੰਤ ਬਾਬਾ ਤਾਰਾ ਸਿੰਘ ਜੀ ਸਰਹਾਲੀ ਸਾਹਿਬ ਦੇ ਮੁਖੀ ਸੰਤ ਬਾਬਾ ਸੁੱਖਾ ਸਿੰਘ ਜੀ ਦੀ ਰਹਿਨੁਮਾਈ ਹੇਠ 70 ਸਿੱਖ ਸ਼ਰਧਾਲੂਆਂ ਦਾ ਜੱਥਾ 23 ਅਪ੍ਰੈਲ ਨੂੰ ਗੁਰਦੁਆਰਾ ਨਾਨਕਸ਼ਾਹੀ ਢਾਕਾ ਪਹੁੰਚਿਆ, ਅਤੇ ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਮੂਹ ਮੈਂਬਰ ਸਾਹਿਬਾਨ ਦੁਆਰਾ ਜਥੇ ਦਾ ਸਵਾਗਤ ਕੀਤਾ ਗਿਆ। ਖਾਲਸਾ ਸਾਜਨਾ ਦਿਵਸ ਵੈਸਾਖੀ ਨੂੰ ਸਮਰਪਿਤ ਸ਼ੁੱਕਰਵਾਰ ਸਵੇਰੇ 9 ਵਜੇ ਸ੍ਰੀ ਸਹਿਜ ਪਾਠ ਦੇ ਭੋਗ ਉਪਰੰਤ ਦੀਵਾਨ ਵਿਚ ਬੰਗਲਾਦੇਸ਼ੀ ਸੰਗਤ ਨੇ ਮਨੋਹਰ ਕੀਰਤਨ ਕੀਤਾ, ਜਿਨ੍ਹਾਂ ਵਿਚ ਸ੍ਰੀ ਸੁਭਾਸ਼ਿਸ਼ ਦਾਸ, ਸ਼ਿਬੂ ਦਾਸ, ਜੀਤੂ ਦਾਸ, ਡਾ. ਐਮ. ਕੇ ਰਾਏ, ਦੇਬਾਸ਼ਿਸ਼ ਦਾਸ ਨੇ ਇਲਾਹੀ ਬਾਣੀ ਦੇ ਸ਼ਬਦ ਗਾਇਨ ਕੀਤੇ। ਸ੍ਰੀ ਅਮਰ ਚੰਦ (ਪ੍ਰਧਾਨ, ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ ਢਾਕਾ) ਜੀ ਨੇ ਸੰਗਤ ਨੂੰ ਖਾਲਸਾ ਸਾਜਨਾ ਦਿਵਸ ਦੀਆਂ ਵਧਾਈਆਂ ਦਿਤੀਆਂ ਅਤੇ ਇਸ ਬੰਗਲਾਦੇਸ਼ੀ ਸਿੱਖ ਇਤਿਹਾਸਕ ਯਾਤਰਾ ਨੂੰ ਉਤਸ਼ਾਹਤ ਕਰਨ ਲਈ ਪ੍ਰੇਰਨਾ ਦਿੱਤੀ। ਬੰਗਲਾਦੇਸ਼ ਗੁਰਦੁਆਰਾ ਮੈਨੇਜਮੈਂਟ ਬੋਰਡ ਕਲਕੱਤਾ ਦੇ ਪ੍ਰਧਾਨ ਸ. ਅਜੈਬ ਸਿੰਘ ਬੇਪਾਰਾਏ ਤੇ ਸੰਪਰਦਾਇ ਸਕੱਤਰ ਹਰਭਜਨ ਸਿੰਘ ਨੇ ਸਮੂਹ ਸੰਗਤ ਦਾ ਧੰਨਵਾਦ ਕੀਤਾ ਅਤੇ ਇਸ ਇਤਿਹਾਸਕ ਯਾਤਰਾ ਦਾ ਮਨੋਰਥ ਸੰਗਤ ਨਾਲ ਸਾਂਝਾ ਕੀਤਾ। ਸਾਰਾ ਦਿਨ ਅਤੁਟ ਗੁਰੂ ਕਾ ਲੰਗਰ ਚਲਦਾ ਰਿਹਾ। ਇਸ ਮੌਕੇ ਸ੍ਰੀ ਅਮਰ ਚੰਦ (ਪ੍ਰਧਾਨ, ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕ ਕਮੇਟੀ) ਸਮੇਤ ਤਪਸ ਲਾਲ ਚੌਧਰੀ (ਜਨਰਲ ਸੈਕਟਰੀ, ਬੰਗਲਾਦੇਸ਼ , ਜਸਪਾਲ ਸਿੰਘ (ਮੈਂਬਰ), ਸੁਮੀਤ ਲਾਲ ਅਤੇ ਸਿੱਖ ਸ਼ਰਧਾਲੂਆਂ ਦੇ ਜੱਥੇ ਵਿੱਚ ਸ. ਸੁਰਿੰਦਰ ਸਿੰਘ ਸੋਹਲ, ਅਵਤਾਰ ਸਿੰਘ, ਸੰਤੋਖ ਸਿੰਘ, ਭੁਪਿੰਦਰਪਾਲ ਸਿੰਘ ਲੁਧਿਆਣਾ, ਲਖਵਿੰਦਰ ਸਿੰਘ, ਤੇਜ ਸਿੰਘ, ਸੁੱਚਾ ਸਿੰਘ ਤੇ ਹੋਰ ਕਈ ਪਤਵੰਤੇ ਸੰਗਤ ਵਿਚ ਹਾਜ਼ਰ ਸਨ।

# ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਮਹਾਂਰਾਸ਼ਟਰ ਵਿਚ ਮੁਗਟ (ਨੰਦੇੜ) ਵਿਖੇ ਤਿੰਨ ਮੰਜ਼ਿਲਾ ਸਰਾਂ ਦੀ ਇਮਾਰਤ ਉਸਾਰੀ ਆਰੰਭ



ਸੰਤ ਬਾਬਾ ਸੁੱਖਾ ਸਿੰਘ ਜੀ ਨੇ ਆਪਣੇ ਕਰ ਕਮਲਾਂ ਨਾਲ ਸਰਾਂ ਦਾ ਨੀਂਹ ਪੱਥਰ ਰੱਖਿਆ ਗਿਆ |

ਚੋਹਲਾ ਸਾਹਿਬ 27 ਅਪ੍ਰੈਲ (ਸਨਦੀਪ ਸਿੱਧੂ,ਪਰਮਿੰਦਰ ਚੋਹਲਾ)ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵੱਲੋਂ ਤਖਤ ਸੱਚਖੰਡ ਸ੍ਰੀ ਹਜ਼ੂਰ ਸਾਹਿਬ ਨੰਦੇੜ ਨੇੜੇ ਗੁਰਦੁਆਰਾ ਮਾਤਾ ਜੀਤ ਕੌਰ ਜੀ ਮੁਗਟ ਵਿਖੇ ਲੰਮੇ ਸਮੇਂ ਤੋਂ ਕਾਰ ਸੇਵਾ ਚੱਲ ਰਹੀ। ਇਹ ਗੁਰਦੁਆਰਾ ਸਾਹਿਬ ਗੁਰਦੁਆਰਾ ਸ਼ਿਕਾਰਘਾਟ ਤੋਂ ਲਗਭਗ ਦੋ ਕਿਲੋਮੀਟਰ ਦੀ ਵਿੱਥ ਤੇ ਸਥਿਤ ਹੈ। ਇਸ ਅਸਥਾਨ ਤੇ ਗੁਰਦੁਆਰਾ ਸਾਹਿਬ ਦੇ ਪੰਜ ਮੰਜ਼ਿਲ ਉਚਾਈ ਵਾਲੇ ਦਰਬਾਰ ਹਾਲ ਦੀ ਸੇਵਾ ਚੱਲ ਰਹੀ ਸੀ ਜੋ ਲਗਭਗ ਮੁਕੰਮਲ ਹੋਣ ਵਾਲੀ ਹੈ। ਇਸ ਅਸਥਾਨ ਤੇ ਸੰਪਰਦਾਇ ਵੱਲੋਂ ਪਹਿਲਾਂ ਵੀ ਸੰਗਤ ਦੀ ਰਿਹਾਇਸ਼ ਲਈ ਇਕ ਤਿੰਨ ਮੰਜ਼ਿਲਾਂ ਸਰਾਂ ਬਣੀ ਹੋਈ ਹੈ। ਸੰਪਰਦਾਏ ਵੱਲੋਂ ਇੱਥੇ ਸਿਕਲੀਗਰ ਅਤੇ ਵਣਜਾਰਾ ਸਿੱਖ ਭਾਈਚਾਰੇ ਦੀ ਬੇਹਤਰੀ ਲਈ ਬਾਬਾ ਮੱਖਣ ਸ਼ਾਹ ਲੁਬਾਣਾ ਬਾਬਾ ਲੱਖੀ ਸ਼ਾਹ ਵਣਜਾਰਾ ਗੁਰਮਤਿ ਅਕੈਡਮੀ ਸਥਾਪਿਤ ਕੀਤੀ ਗਈ ਹੈ ਜਿਸ ਵਿੱਚ ਵਿਦਿਆਰਥੀ ਕੀਰਤਨ, ਤਬਲਾ, ਗੁਰਬਾਣੀ ਸੰਥਿਆ ਅਤੇ ਸਿੱਖ ਇਤਿਹਾਸ ਦੀ ਵਿਦਿਆ ਗ੍ਰਹਿਣ ਕਰਦੇ ਹਨ। ਵਿਦਿਆਰਥੀਆਂ ਦੀ ਸਿਖਲਾਈ, ਰਿਹਾਇਸ਼, ਲੰਗਰ ਦਾ ਖਰਚਾ ਸੰਪਰਦਾਇ ਵੱਲੋਂ ਕੀਤਾ ਜਾਂਦਾ ਹੈ। ਬਾਬਾ ਜੀ ਵਲੋਂ ਸੰਗਤ ਦੀ ਸਹੂਲਤ ਨੂੰ ਮੁੱਖ ਰੱਖਦਿਆਂ ਹੋਇਆ ਇਸ ਅਸਥਾਨ ਤੇ 24 ਕਮਰਿਆਂ ਵਾਲੀ ਨਵੀਂ ਤਿੰਨ ਮੰਜ਼ਿਲਾਂ ਰਿਹਾਇਸ਼ੀ ਸਰਾਂ ਉਸਾਰਨ ਦੀ ਯੋਜਨਾ ਬਣਾਈ ਗਈ ਸੀ, ਜਿਸਨੂੰ ਅਮਲੀ ਜ਼ਾਮਾ ਪਹਿਣਾਉਂਦਿਆਂ ਅੱਜ ਸਵੇਰੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਤੋਂ ਉਪਰੰਤ ਅਰਦਾਸ ਕਰਕੇ ਸੰਤ ਬਾਬਾ ਸੁੱਖਾ ਸਿੰਘ ਜੀ ਵੱਲੋਂ ਆਪਣੇ ਕਰ ਕਮਲਾਂ ਨਾਲ ਇਸ ਸਰਾਂ ਦਾ ਨੀਹ ਪੱਥਰ ਰੱਖਿਆ ਗਿਆ। ਇਸ ਸੇਵਾ ਕਾਰਜ ਉੱਤੇ ਲਗਭਗ ਦੋ ਕਰੋੜ ਰੁਪਏ ਦਾ ਖਰਚ ਆਉਣ ਦੀ ਸੰਭਾਵਨਾ ਹੈ। ਇਸ ਮੌਕੇ ਸੰਗਤ ਵਿੱਚ ਸੇਠ ਵਿਕਰਮਜੀਤ ਸਿੰਘ ਯੇਵਲਾ, ਦਿਲਬਾਗ ਸਿੰਘ ਨੰਦੇੜ, ਮਨਜਿੰਦਰ ਸਿੰਘ ਬੱਬੂ ਮੁੰਬਈ, ਸੇਠ ਹਰਜੀਤ ਸਿੰਘ ਬੁੱਟਰ, ਬਾਬਾ ਤੇਜਾ ਸਿੰਘ (ਗੁ. ਮਾਤਾ ਸਾਹਿਬ ਕੌਰ ), ਕਵੀਸ਼ਰ ਕਰਤਾਰ ਸਿੰਘ ਕਿਰਤੀ, ਪਰਮੇਸ਼ਰ ਸਿੰਘ ਨੰਦੇੜ, ਕਰਤਾਰ ਸਿੰਘ ਸਰਾਂ ਰਾਣਾ, ਜਥੇਦਾਰ ਲਾਭ ਸਿੰਘ, ਸਤਨਾਮ ਸਿੰਘ ਗਿੱਲ, ਸੁੱਖਾ ਸਿੰਘ ਹੁੰਦਲ ਨੰਦੇੜ , ਹੈਰੀ ਚੀਮਾ, ਹਰਦੇਵ ਸਿੰਘ ਬੁੱਟਰ, ਹਰਪਾਲ ਸਿੰਘ ਟਿਕਟਾਂ ਵਾਲੇ, ਬਲਵੀਰ ਸਿੰਘ ਬੁੱਟਰ, ਹਰਪਾਲ ਸਿੰਘ ਬੁੱਟਰ ਅਤੇ ਹੋਰ ਕਈ ਗੁਰਸਿੱਖ ਮੌਜੂਦ ਸਨ।

Cee7News ਵਿੱਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ
9463661542, cee7news@gmail.com

